ਡਾ. ਐਮ੍ਰਿਤ

# ਯੁੱਗ ਕਿਵੇਂ ਬਦਲਦੇ ਹਨ?

ਨਰਿੰਦਰ ਸਿੰਘ ਕਪੂਰ ਦੇ ਅਗਿਆਨ ਪ੍ਰਦਰਸ਼ਨ 'ਤੇ ਟਿੱਪਣੀ

# ਯੁੱਗ ਕਿਵੇਂ ਬਦਲਦੇ ਹਨ?

## ਨਰਿੰਦਰ ਸਿੰਘ ਕਪੂਰ ਦੇ ਅਗਿਆਨ ਪ੍ਰਦਰਸ਼ਨ ’ਤੇ ਟਿੱਪਣੀ

• ਡਾ. ਅੰਮ੍ਰਿਤ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — ਜੂਨ 2013

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 10 ਰੁਪਏ**

**4 ਨਵੰਬਰ**, 2012 ਦੇ ਪੰਜਾਬੀ ਟ੍ਰਿਬਿਊਨ ਵਿੱਚ ਸ਼੍ਰੀ ਨਰਿੰਦਰ ਸਿੰਘ ਕਪੂਰ ਹੁਰਾਂ ਦਾ ਲੇਖ "ਯੁੱਗ ਕਿਵੇਂ ਬਦਲਦੇ ਹਨ ?" ਛਪਿਆ। ਇਸ ਲੇਖ ਵਿੱਚ ਉਹਨਾਂ ਨੇ ਮਨੁੱਖੀ ਸਮਾਜ ਕਿਵੇਂ ਬਦਲਦਾ ਹੈ, ਇਸਦੇ ਪੜਾਵਾਂ ਤੇ ਇਸ 'ਚ ਆਉਂਦੇ ਬਦਲਾਵਾਂ ਬਾਰੇ ਕਾਫ਼ੀ ਕੁਝ ਲਿਖਿਆ ਹੈ ਅਤੇ ਨਾਲ਼ ਹੀ ਯੁੱਗਾਂ ਦੇ ਬਦਲਣ 'ਚ ਵਿਅਕਤੀ ਦੀ ਭੂਮਿਕਾ, ਪੱਛਮ ਤੇ ਪੂਰਬ ਖਾਸ ਤੌਰ 'ਤੇ ਭਾਰਤ ਦੇ ਇਤਿਹਾਸ 'ਤੇ ਕਈ ਟਿੱਪਣੀਆਂ ਵੀ ਕੀਤੀਆਂ ਹਨ। ਕਿਉਂਕਿ ਸ਼੍ਰੀ ਕਪੂਰ ਪੰਜਾਬ ਦੇ ਕਾਫ਼ੀ ਲਿਖਣ ਵਾਲ਼ੇ ਤੇ ਪੜ੍ਹੇ ਜਾਣ ਵਾਲ਼ੇ ਵਿਦਵਾਨ ਹਨ, ਉਹ ਯੂਨੀਵਰਸਿਟੀ ਪੱਧਰ 'ਤੇ ਪ੍ਰੋਫੈਸਰ ਦੇ ਅਹੁਦੇ 'ਤੇ ਰਹਿ ਕੇ ਅਧਿਆਪਨ ਦਾ ਕੰਮ ਕਰ ਚੁੱਕੇ ਹਨ ਅਤੇ ਸੰਭਵ ਹੈ ਕਿ ਉਹਨਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਬਹੁਤ ਸਾਰੇ ਆਮ ਲੋਕ ਤੇ ਪਾਠਕ ਧਾਰਨਾਵਾਂ ਬਣਾਉਂਦੇ ਹੋਣਗੇ, ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹਨਾਂ ਦੇ ਵਿਚਾਰਾਂ ਦੀ ਪੜਚੋਲ ਕੀਤੀ ਜਾਵੇ।

ਕਪੂਰ ਹੁਰਾਂ ਦੇ ਮੁੱਖ ਤਰਕ ਅਨੁਸਾਰ - "ਸਪੱਸ਼ਟ ਰੂਪ 'ਚ ਯੁੱਗ ਉਦੋਂ ਬਦਲਦਾ ਹੈ, ਜਦੋਂ ਮਨੁੱਖ ਊਰਜਾ ਦਾ ਨਵਾਂ ਵਿਆਪਕ ਸ੍ਰੋਤ ਲੱਭਦਾ ਹੈ। ਉਹਨਾਂ ਅਨੁਸਾਰ ਊਰਜਾ ਦੇ ਸ੍ਰੋਤ ਕਿਹੜੇ ਹਨ" – ਮਨੁੱਖ ਦਾ ਆਪਣਾ ਸਰੀਰਕ ਬਲ, ਫਿਰ ਪਸ਼ੂਆਂ ਦਾ ਬਲ, ਤੀਜਾ ਮਕਾਨਕੀ ਬਲ (ਇਹ ਤਿੰਨੇ ਬਲ ਮਨੁੱਖ ਵਰਤਣਾ ਸਿੱਖ ਚੁੱਕਾ ਹੈ) ਅਤੇ ਚੌਥਾ ਹੈ ਸੂਰਜੀ ਊਰਜਾ। ਸ਼੍ਰੀ ਕਪੂਰ ਇਹਨਾਂ ਊਰਜਾ ਦੇ ਸ੍ਰੋਤਾਂ ਦੇ ਅਧਾਰ 'ਤੇ ਮਨੁੱਖੀ ਇਤਿਹਾਸ ਦੇ ਵਿਕਾਸ ਨੂੰ ਤਿੰਨ ਯੁੱਗਾਂ 'ਚ ਵੰਡਦੇ ਹਨ - ਮਨੁੱਖ ਦੇ ਸਰੀਰਕ ਬਲ ਦੇ ਅਨੁਸਾਰੀ 'ਸ਼ਿਕਾਰ ਯੁੱਗ', ਪਸ਼ੂ ਬਲ ਦੇ ਅਨੁਸਾਰੀ 'ਖੇਤੀਯੁੱਗ' ਅਤੇ ਮਕਾਨਕੀ ਬਲ ਦੇ ਅਨੁਸਾਰੀ 'ਉਦਯੋਗਿਕ ਯੁੱਗ'। ਪਰ ਪੂਰੇ ਲੇਖ 'ਚ ਉਹ ਇਹ ਨਹੀਂ ਦੱਸਦੇ ਕਿ ਸੂਰਜੀ ਊਰਜਾ ਦੇ ਅਨੁਸਾਰੀ ਅਗਲੇਰਾ ਯੁੱਗ ਕਿਹੜਾ ਹੋਵੇਗਾ ? ਇੱਕ ਹੋਰ ਵਾਧਾ ਉਹ ਇਹ ਕਰਦੇ ਹਨ - ਸ਼ਿਕਾਰਯੁੱਗ ਸ਼ਿਕਾਰ ਜਾਂ ਪਸ਼ੂ–ਕੇਂਦਰਿਤ ਸੀ, ਖੇਤੀਯੁੱਗ ਧਰਮ ਜਾਂ ਰੱਬ–ਕੇਂਦਰਿਤ ਸੀ, ਜਦੋਂਕਿ ਉਦਯੋਗਿਕ ਯੁੱਗ ਵਿਗਿਆਨ ਤੇ ਮਨੁੱਖ ਕੇਂਦਰਿਤ ਹੈ। ਇੱਥੇ ਉਹ ਇੱਕ ਵਾਰ ਫਿਰ ਇਹ ਨਹੀਂ ਦੱਸਦੇ ਕਿ ਸੂਰਜੀ ਊਰਜਾ ਵਾਲਾ ਯੁੱਗ ਕੀ( ?)–ਕੇਂਦਰਿਤ ਹੋਵੇਗਾ ? ਇਸ ਪੂਰੇ ਵਿਖਿਆਨ 'ਚ ਉਹ ਇਤਿਹਾਸਕ ਤੇ ਮਨੁੱਖੀ ਨਰ–ਵਿਗਿਆਨ ਸਬੰਧੀ ਤੱਥਾਂ ਦੀ ਕਿਵੇਂ ਅਹੀ–ਤਹੀ ਕਰਦੇ ਹਨ, ਇਸ ਉੱਤੇ ਵੀ ਅਸੀਂ ਅਲੱਗ ਤੋਂ ਨਿਗਾਹ ਪਾਵਾਂਗੇ। ਸ਼੍ਰੀ ਕਪੂਰ ਦੀ ਇਸ ਥੋਥੀ ਇਤਿਹਾਸਕ

ਵੰਡ ਨੂੰ ਸਮਝਣ ਲਈ ਸਾਨੂੰ ਮਨੁੱਖੀ ਵਿਕਾਸ ਦੇ ਇਤਿਹਾਸ ਬਾਰੇ ਕੁਝ ਵਿਸਥਾਰ 'ਚ ਆਪਣੀ ਗੱਲ ਕਰਨੀ ਪਵੇਗੀ।

ਮਨੁੱਖੀ ਵਿਕਾਸ ਨੂੰ ਆਮ ਤੌਰ 'ਤੇ ਇਤਿਹਾਸਿਕ ਕਾਲ ਅਤੇ ਪੂਰਵ-ਇਤਿਹਾਸਿਕ ਕਾਲ 'ਚ ਵੰਡਿਆ ਜਾਂਦਾ ਹੈ। ਇਤਿਹਾਸਿਕ ਕਾਲ ਦੌਰਾਨ ਮਨੁੱਖੀ ਸਮਾਜ ਨੇ ਪਿਛਲੇਰੇ ਕਬਾਇਲੀ ਸਮਾਜ ਜੋ ਆਪਣੇ ਪਤਨ ਦੇ ਰਾਹੇ ਪੈ ਚੁੱਕਿਆ ਸੀ, ਪ੍ਰਾਚੀਨ ਸਮਾਜ (ਜੋ ਮੁੱਖ ਤੌਰ 'ਤੇ ਗੁਲਾਮਦਾਰੀ ਅਧਾਰਤ ਸਮਾਜ ਸੀ), ਜਗੀਰਦਾਰੀ ਅਧਾਰਤ ਸਮਾਜ, ਸਰਮਾਏਦਾਰੀ ਦੌਰ ਅਤੇ ਸਮਾਜਵਾਦੀ ਪੜਾਅ ਤੱਕ ਦਾ ਸਫ਼ਰ ਤੈਅ ਕੀਤਾ ਹੈ। ਸੰਸਾਰ ਦੇ ਅਲੱਗ-ਅਲੱਗ ਹਿੱਸਿਆਂ 'ਚ ਇਹਨਾਂ ਪੜਾਵਾਂ ਦਾ ਸਮਾਂ, ਲੱਛਣ ਅਲੱਗ-ਅਲੱਗ ਰਹੇ ਹਨ ਅਤੇ ਵੱਖ-ਵੱਖ ਖਿੱਤਿਆਂ ਦੇ ਮਨੁੱਖੀ ਸਮਾਜ ਵੱਖ-ਵੱਖ ਸਮੇਂ 'ਤੇ ਇਹਨਾਂ ਪੜਾਵਾਂ 'ਚ ਦਾਖਲ ਹੋਏ ਤੇ ਗੁਜ਼ਰੇ। ਕਈਆਂ ਸਮਾਜਾਂ 'ਚ ਇਹਨਾਂ ਦੌਰਾਂ ਦਾ ਬੜੀ ਚੰਗੀ ਤਰ੍ਹਾਂ ਲਿਖਿਆ ਇਤਿਹਾਸ ਮਿਲਦਾ ਹੈ ਜਿਵੇਂ ਯੂਰਪ, ਚੀਨ ਆਦਿ ਜਦਕਿ ਕਈ ਸਮਾਜਾਂ 'ਚ ਲਿਖਤ ਸਮੱਗਰੀ ਉਨੀ ਵਿਸ਼ਾਲ ਤੇ ਸਟੀਕ ਤਰੀਕੇ ਨਾਲ਼ ਨਹੀਂ ਮਿਲਦੀ ਜਿਵੇਂ ਕਿ ਭਾਰਤ। ਇਹ ਉਹ ਦੌਰ ਹੈ ਜਦੋਂ ਮਨੁੱਖ ਨੇ ਬਾਕਾਇਦਾ ਲਿਖਣਾ ਸ਼ੁਰੂ ਕਰ ਦਿੱਤਾ ਸੀ, ਇਸੇ ਲਈ ਇਸ ਸਮੇਂ ਨੂੰ ਲਿਖਤੀ ਇਤਿਹਾਸ ਦਾ ਕਾਲ ਵੀ ਕਹਿੰਦੇ ਹਨ। ਇਸ ਤਰ੍ਹਾਂ 4000 ਈ.ਪੂ. ਦੇ ਨੇੜ-ਤੇੜ ਤੋਂ ਬਾਅਦ ਇਤਿਹਾਸਕ ਕਾਲ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਪੂਰਵ-ਇਤਿਹਾਸਕ ਕਾਲ ਮਨੁੱਖੀ ਵਿਕਾਸ ਦਾ ਉਹ ਸਮਾਂ ਹੈ ਜਦੋਂ ਅਜੇ ਮਨੁੱਖ ਨੇ ਲਿਖਣਾ ਨਹੀਂ ਸਿੱਖਿਆ ਸੀ, ਅਤੇ ਇਸ ਦੌਰ ਦੇ ਲਿਖਤੀ ਸਬੂਤ ਨਹੀਂ ਮਿਲਦੇ। ਇਸ ਕਾਲ ਵਿੱਚ ਮਨੁੱਖੀ ਸਮਾਜ ਕਬਾਇਲੀ ਸਮਾਜ ਸੀ ਜਿਸ ਵਿੱਚ ਕਬੀਲੇ ਦੁਆਰਾ ਸ਼ਿਕਾਰ ਦੁਆਰਾ ਹਾਸਲ ਕੀਤਾ ਗਿਆ ਮਾਸ ਤੇ ਇਕੱਠਾ ਕੀਤਾ ਗਿਆ ਅਨਾਜ ਤੇ ਹੋਰ ਜ਼ਰੂਰੀ ਚੀਜ਼ਾਂ ਸਾਂਝੀ ਮਲਕੀਅਤ ਹੁੰਦੇ ਸਨ, ਭਾਵ ਇਹ ਯੁੱਗ ਆਦਿ-ਕਮਿਊਨ ਦਾ ਯੁੱਗ ਸੀ। ਇਹ ਕਾਲ 4000 ਈ.ਪੂ. ਤੋਂ ਪਹਿਲਾਂ ਕਈ ਲੱਖ ਸਾਲ ਤੱਕ ਪਿਛਾਂਹ ਤੱਕ ਜਾਂਦਾ ਹੈ ਅਤੇ ਇਹ ਕਾਲ ਅੱਗੋਂ ਕਈ ਦੌਰਾਂ 'ਚ ਵੰਡਿਆ ਜਾ ਸਕਦਾ ਹੈ ਜਿਵੇਂ ਮੁੱਢਲਾ ਪੱਥਰ ਯੁੱਗ, ਮੱਧ ਪੱਥਰ ਯੁੱਗ ਅਤੇ ਨਵ-ਪੱਥਰ ਯੁੱਗ। ਇਹਨਾਂ ਭਿੰਨ-ਭਿੰਨ ਦੌਰਾਂ 'ਚ ਮਨੁੱਖੀ ਸਮਾਜ 'ਚ ਕਈ ਸਿਫ਼ਤੀ ਤਬਦੀਲੀਆਂ ਆਈਆਂ ਅਤੇ ਮਨੁੱਖੀ ਸਮਾਜ ਅੱਜ ਦੇ ਪੜਾਅ 'ਤੇ ਪਹੁੰਚਿਆ।

ਮਨੁੱਖ ਦਾ ਪਸ਼ੂ ਜਗਤ ਤੋਂ ਨਿਖੇੜਾ ਉਸ ਸਮੇਂ ਸ਼ੁਰੂ ਹੋਇਆ (ਅਤੇ ਇਸਦੇ ਨਾਲ਼ ਹੀ ਮਨੁੱਖ ਦੇ ਵਿਕਾਸ ਦੇ ਪੂਰਵ-ਇਤਿਹਾਸਕ ਕਾਲ ਜਾਂ ਮੁੱਢ ਕਦੀਮੀ ਸਮਾਜ ਦੀ ਬੁਨਿਆਦ ਟਿਕੀ) ਜਦੋਂ ਮਨੁੱਖ ਦੇ ਪੂਰਵਜ ਨਰ-ਬਾਂਦਰਾਂ ਦੀ ਇੱਕ ਸ਼ਾਖਾ ਨੇ ਸੰਦਾਂ ਦੀ ਵਰਤੋਂ ਕਰਦੇ ਹੋਏ ਖ਼ੁਦ ਨੂੰ ਕੁਦਰਤ ਦੀ ਕੈਦ ਤੋਂ ਅਜ਼ਾਦ ਕਰਵਾਉਣ ਦੀ ਜੱਦੋਜਹਿਦ ਸ਼ੁਰੂ ਕੀਤੀ। ਕਿਹਾ ਜਾ ਸਕਦਾ ਹੈ ਕਿ ਦੂਸਰੇ ਬਹੁਤ ਸਾਰੇ ਜੰਤੂ ਵੀ ਕੁਦਰਤ ਖਿਲਾਫ਼ ਸੰਘਰਸ਼ ਕਰਦੇ ਹਨ, ਆਪਣੇ

ਆਪ ਨੂੰ ਕੁਦਰਤੀ ਆਫਤਾਂ ਤੋਂ ਬਚਾਉਣ ਦਾ ਪ੍ਰਬੰਧ ਕਰਦੇ ਹਨ ਅਤੇ ਬਿਜੜੇ ਤੇ ਸਿਉਂਕ ਜਿਹੇ ਜੰਤੂ ਤਾਂ ਸ਼ਾਨਦਾਰ ਘਰ ਵੀ ਬਣਾਉਂਦੇ ਹਨ। ਪਰ ਬਾਕੀ ਸਾਰੇ ਜੰਤੂ ਆਪਣੇ ਕੰਮ ਉਹਨਾਂ ਸੰਦਾਂ ਨਾਲ਼ ਕਰਦੇ ਹਨ ਜਿਹੜੇ ਉਹਨਾਂ ਦੇ ਸਰੀਰ ਦਾ ਹਿੱਸਾ ਹੀ ਹੁੰਦੇ ਹਨ, ਜਿਵੇਂ ਚੁੰਝ ਨਾਲ਼ ਕਠਫੋੜਾ ਰੁੱਖ ਦੀ ਲੱਕੜ ਨੂੰ ਵੀ ਖੋਦ ਲੈਂਦਾ ਹੈ, ਚੂਹੇ, ਕੀੜੀਆਂ ਆਦਿ ਆਪਣੀਆਂ ਟੰਗਾਂ ਨਾਲ਼ ਲੰਮੀਆਂ ਖੁੱਡਾਂ ਬਣਾ ਲੈਂਦੇ ਹਨ, ਜਦੋਂਕਿ ਮਨੁੱਖ ਆਪਣੇ ਸੰਦ ਕੁਦਰਤ ਤੋਂ ਹਾਸਲ ਕੱਚੇ ਮਾਲ ਜਿਵੇਂ ਪੱਥਰ, ਟਾਹਣੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਘੜ ਕੇ ਬਣਾਉਂਦਾ ਸੀ ਅਤੇ ਉਹ ਇਹਨਾਂ 'ਚ ਲਗਾਤਾਰ ਵਿਕਾਸ ਕਰਦਾ ਜਾ ਰਿਹਾ ਸੀ। ਇਸੇ ਕਰਕੇ ਮਨੁੱਖ ਬਾਕੀ ਜੰਤੂਆਂ ਨਾਲ਼ੋਂ ਵਿਕਾਸ ਵਿੱਚ ਅੱਗੇ ਨਿੱਕਲ ਗਿਆ ਕਿਉਂਕਿ ਉਸ ਦੀ ਹਰ ਪੀੜ੍ਹੀ ਪਿਛਲੀ ਪੀੜ੍ਹੀ ਦੁਆਰਾ ਹਾਸਲ ਕੀਤੇ ਵਿਕਾਸ ਦੇ ਪੱਧਰ 'ਚ ਹੋਰ ਵਾਧਾ ਕਰਦੀ ਜਾਂਦੀ ਹੈ। ਇਸ ਤਰ੍ਹਾਂ ਸੰਦਾਂ ਦੀ ਵਰਤੋਂ ਉਹ ਨਿਖੇੜ ਬਿੰਦੂ ਹੈ ਜਿਹੜਾ ਮਨੁੱਖ ਦੇ ਵਿਕਾਸ ਦਾ ਮੁੱਢਲਾ ਬਿੰਦੂ ਕਿਹਾ ਜਾ ਸਕਦਾ ਹੈ। ਸ਼ੁਰੂਆਤ ਵਿੱਚ ਇਹ ਸੰਦ ਅਨਘੜ ਪੱਥਰ ਤੇ ਟਾਹਣੀਆਂ ਹੀ ਸਨ ਪਰ ਇਹਨਾਂ ਦੀ ਵਰਤੋਂ ਮਨੁੱਖ ਦਾ ਕੁਦਰਤ ਖਿਲਾਫ਼ ਆਪਣੇ ਸੰਘਰਸ਼ 'ਚ ਇੱਕ ਵੱਡਾ ਕਦਮ ਸੀ। ਮਨੁੱਖ ਦੇ ਪੂਰਵਜਾਂ ਨੇ ਵਿਕਾਸ ਦੇ ਕਦਮ ਅੱਗੇ ਵਧਾਉਣੇ ਜ਼ਾਰੀ ਰੱਖਦੇ ਹੋਏ ਪੱਥਰਾਂ ਨੂੰ ਆਪਸ ਵਿੱਚ ਟਕਰਾ ਕੇ ਅਨਘੜ ਚਾਕੂ, ਕੁਹਾੜੇ ਆਦਿ ਬਣਾਏ ਅਤੇ ਫਿਰ ਇਹਨਾਂ ਦੀ ਧਾਰ ਨੂੰ ਤਿੱਖਾ ਕਰਨਾ ਸਿੱਖਿਆ। ਇਹਨਾਂ ਹੀ ਤਿੱਖੇ ਕੀਤੇ ਪੱਥਰਾਂ ਨੂੰ ਮਨੁੱਖ ਨੇ ਲੱਕੜੀ ਦੇ ਸੋਟੇ ਨਾਲ਼ ਬੰਨ੍ਹ ਕੇ ਸ਼ੁਰੂਆਤੀ ਕੁਹਾੜੇ, ਨੇਜ਼ੇ ਤੇ ਫਿਰ ਤੀਰ ਬਣਾਏ, ਕੁਦਾਲੀਆਂ ਤੇ ਸੱਬਲਾਂ ਬਣਾਈਆਂ। ਬਾਅਦ ਵਿੱਚ ਆ ਕੇ ਮਨੁੱਖ ਨੇ ਜਾਨਵਰਾਂ ਦੀਆਂ ਹੱਡੀਆਂ ਨੂੰ ਵੀ ਸੰਦ ਬਣਾਉਣ ਲਈ ਵਰਤਣਾ ਸ਼ੁਰੂ ਕਰ ਦਿੱਤਾ। ਹੱਡੀਆਂ ਤੋਂ ਉਸਨੇ ਸੂਈਆਂ, ਦਾਤੀਆਂ, ਤੀਰਾਂ ਦੀਆਂ ਨੋਕਾਂ ਆਦਿ ਬਣਾਈਆਂ। ਮੁੱਢਲੇ ਪੱਥਰ ਯੁੱਗ ਦੌਰਾਨ ਹੀ ਮਨੁੱਖ ਨੇ ਲੱਗਭੱਗ 4 ਲੱਖ ਸਾਲ ਪਹਿਲਾਂ (ਕੁਝ ਵਿਗਿਆਨੀ ਇਹ ਸਮਾਂ 14 ਲੱਖ ਸਾਲ ਪਹਿਲਾਂ ਤੱਕ ਦਾ ਮੰਨਦੇ ਹਨ, ਜਿਸ ਬਾਰੇ ਹਾਲੇ ਇੱਕ ਆਮ ਰਾਇ ਨਹੀਂ ਬਣੀ ਹੈ) ਅੱਗ ਨੂੰ ਵਰਤਣਾ ਸਿੱਖ ਲਿਆ, ਉਹ ਕੁਦਰਤ 'ਚ ਲੱਗੀ ਅੱਗ ਤੋਂ ਆਪਣੇ ਨਿਵਾਸ ਵਿੱਚ ਅੱਗ ਦੀ ਧੂਣੀ ਜਲਾ ਲੈਂਦਾ ਤੇ ਫਿਰ ਜਿੰਨੀ ਦੇਰ ਤੱਕ ਉਹ ਉੱਥੇ ਰਹਿੰਦਾ ਉਹ ਇਸ ਧੂਣੀ ਨੂੰ ਲਗਾਤਾਰ ਜਲਾ ਕੇ ਰੱਖਦਾ ਕਿਉਂਕਿ ਅਜੇ ਮਨੁੱਖ ਖੁਦ ਅੱਗ ਜਲਾਉਣਾ ਨਹੀਂ ਸਿੱਖਿਆ ਸੀ। (ਸਾਡੇ ਮੰਦਿਰਾਂ 'ਚ ਅੱਗ ਦੀ ਜੋਤੀ ਲਗਾਤਾਰ ਜਲਾਉਣ ਦੀ ਧਾਰਨਾ ਸੰਭਵ ਹੈ ਇਸੇ ਦੌਰ ਦੀ ਉਪਜ ਹੈ ਕਿਉਂਕਿ ਅੱਗ ਨੇ ਮਨੁੱਖ ਦੇ ਜੀਵਨ 'ਚ ਅਹਿਮ ਭੂਮਿਕਾ ਬਣਾ ਲਈ ਸੀ ਪਰ ਅੱਗ ਜਲਾਉਣੀ ਨਾ ਸਿੱਖੀ ਹੋਣ ਕਰਕੇ ਅੱਗ ਦੀ ਧੂਣੀ ਲਗਾਤਾਰ ਜਲਾ ਕੇ ਰੱਖਣੀ ਉਸ ਲਈ ਬਹੁਤ ਅਹਿਮੀਅਤ ਵਾਲੀ ਗੱਲ ਸੀ, ਅੱਜ ਦੇ ਸਮੇਂ 'ਚ ਮਨੁੱਖਾਂ ਦੇ ਪੱਥਰ-ਯੁੱਗ ਦੇ ਪੂਰਵਜਾਂ ਦੀ ਇਹ ਜ਼ਰੂਰਤ ਇੱਕ ਧਾਰਮਿਕ ਕਰਮ-ਕਾਂਡ ਦੇ ਤੌਰ 'ਤੇ ਬਚੀ ਰਹਿ ਗਈ ਹੈ)। ਮਨੁੱਖ ਸ਼ਿਕਾਰ

ਕਰਦਾ, ਆਲ਼ੇ-ਦੁਆਲ਼ੇ 'ਚੋਂ ਫਲ ਆਦਿ ਇਕੱਠੇ ਕਰਦਾ, ਪੌਦਿਆਂ ਦੀਆਂ ਜੜ੍ਹਾਂ ਖੋਦਕੇ ਖਾਂਦਾ ਅਤੇ ਇੱਕ ਦੌਰ 'ਚ ਆਕੇ ਮੱਛੀਆਂ ਵੀ ਫੜਨ ਲੱਗਾ। ਅੱਗ ਨੂੰ ਕਾਬੂ ਕਰਨ ਨਾਲ਼ ਮਨੁੱਖ ਪੱਕਿਆ ਮਾਸ ਖਾਣ ਲੱਗਾ ਜਿਸ ਨਾਲ਼ ਉਸ ਦੀਆਂ ਆਂਦਰਾਂ ਦਾ ਅਕਾਰ ਘਟਣ ਲੱਗਾ ਕਿਉਂਕਿ ਪੱਕਿਆ ਮਾਸ ਪਚਾਉਣਾ ਸੌਖਾ ਸੀ, ਮਨੁੱਖ ਪੌਦਿਆਂ ਦੇ ਉਹ ਹਿੱਸੇ ਜਿਵੇਂ ਫਲੀਆਂ ਆਦਿ ਵੀ ਖਾਣ ਲੱਗਾ ਜੋ ਪਹਿਲਾਂ ਕੱਚੇ ਰੂਪ 'ਚ ਪਚਦੇ ਨਹੀਂ ਸਨ। ਪੱਕੇ ਹੋਏ ਭੋਜਨ ਨੇ ਉਹ ਖੁਰਾਕੀ ਤੱਤ ਮਨੁੱਖੀ ਸਰੀਰ ਨੂੰ ਉਪਲਬਧ ਕਰਵਾਏ ਜਿਸ ਨਾਲ਼ ਮਨੁੱਖੀ ਦਿਮਾਗ ਦਾ ਤੇਜ਼ ਵਿਕਾਸ ਸੰਭਵ ਹੋਇਆ ਜਿਸ ਲਈ ਜ਼ੋਰਦਾਰ ਉਤੇਜਕ ਮਨੁੱਖ ਦੇ ਦੋ ਟੰਗਾਂ 'ਤੇ ਚੱਲ ਸਕਣ ਦੀ ਯੋਗਤਾ ਤੇ ਹੱਥਾਂ ਦੀ ਵਰਤੋਂ 'ਚ ਪਿਆ ਸੀ। ਵਿਕਸਤ ਹੁੰਦੇ ਦਿਮਾਗ ਨੇ ਮੋੜਵੇਂ ਰੂਪ 'ਚ ਹੱਥਾਂ ਦੀ ਵਰਤੋਂ ਨੂੰ ਹੋਰ ਮੁਹਾਰਤ ਦਿੱਤੀ। ਸ਼ਿਕਾਰ ਕਰਨ ਤੇ ਸੰਦਾਂ ਨੂੰ ਬਣਾਉਣ ਦੌਰਾਨ ਮਨੁੱਖਾਂ ਨੂੰ ਇੱਕ ਦੂਜੇ ਨੂੰ ਸੰਦੇਸ਼ ਦੇਣ ਦੀ ਜ਼ਰੂਰਤ ਮਹਿਸੂਸ ਹੋਈ, ਜਿਵੇਂ ਸ਼ਿਕਾਰ 'ਤੇ ਨਿਕਲੇ ਗਰੁੱਪ ਦਾ ਇੱਕ ਮੈਂਬਰ ਜਦੋਂ ਕਿਸੇ ਜਾਨਵਰ ਦਾ ਪੈਰ-ਚਿੰਨ੍ਹ ਦੇਖਦਾ ਜਾਂ ਅਵਾਜ਼ ਸੁਣਦਾ ਤਾਂ ਉਸਨੇ ਇਸ ਬਾਰੇ ਝੱਟ-ਪਟ ਆਪਣੇ ਸਾਥੀਆਂ ਨੂੰ ਦੱਸਣਾ ਹੁੰਦਾ ਸੀ। ਪੈਰ-ਚਿੰਨ੍ਹ ਜਾਂ ਅਵਾਜ਼ ਉਸ ਲਈ ਸ਼ਿਕਾਰ ਦੇ ਨੇੜੇ ਹੀ ਹੋਣ ਦਾ ਸੰਕੇਤ ਸੀ। ਉਸਨੇ ਇਹ ਸੰਕੇਤ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਸੰਕੇਤ ਦਾ ਇੰਤਜ਼ਾਮ ਕਰਨਾ ਸੀ। ਸ਼ੁਰੂ ਵਿੱਚ ਇਹ ਸੰਕੇਤ ਹੱਥਾਂ ਦੀਆਂ ਹਰਕਤਾਂ ਤੇ ਚੇਹਰੇ ਦੇ ਹਾਵ-ਭਾਵ ਸਨ। ਇਸ ਤਰ੍ਹਾਂ ਮਨੁੱਖ ਨੇ "ਸੰਕੇਤ ਦੇ ਸੰਕੇਤ" (ਰੂਸੀ ਵਿਗਿਆਨੀ ਇਵਾਨ ਪਾਵਲੋਵ ਦੇ ਸ਼ਬਦਾਂ 'ਚ ਜਿਹਨਾਂ ਨੇ ਭਾਸ਼ਾ ਨੂੰ "ਸੰਕੇਤ ਦਾ ਸੰਕੇਤ" ਕਿਹਾ ਸੀ) ਦੀ ਲੱਭਤ ਕਰ ਲਈ। ਪਰ ਇਹਦੀ ਸੀਮਤਾਈ ਸੀ ਕਿਉਂਕਿ ਇਹ ਸੰਕੇਤ ਹਨੇਰੇ ਵਿੱਚ ਕੰਮ ਨਹੀਂ ਕਰਦੇ ਸਨ, ਨਤੀਜਾ ਮਨੁੱਖ ਦਾ ਆਵਾਜ਼ਾਂ ਕੱਢ ਕੇ ਸੰਕੇਤ ਦੇਣਾ ਤੇ ਕੰਠ ਦਾ ਵਿਕਾਸ। ਕੰਠ ਦੇ ਵਿਕਾਸ ਦੌਰਾਨ ਹੀ ਮਨੁੱਖ ਦੇ ਗਲੇ 'ਚ ਇੱਕ ਹੱਡੀ ਪ੍ਰਗਟ ਹੋ ਗਈ ਜਿਸ ਨੇ ਕੰਠ ਨੂੰ ਜੀਭ ਨਾਲ ਜੋੜ ਦਿੱਤਾ। ਇਹ ਅਵਾਜ਼ਾਂ ਬਾਅਦ 'ਚ ਕੰਠ 'ਚੋਂ ਨਿਕਲਦੀ ਹਵਾ ਦੀ ਹਰਕਤ ਤੇ ਜੀਭ ਦੀਆਂ ਹਰਕਤਾਂ ਨਾਲ਼ ਮਿਲ ਕੇ ਧੁਨੀਆਂ ਬਣੀਆਂ ਤੇ ਧੁਨੀਆਂ ਨੇ ਸ਼ਬਦਾਂ ਦਾ, ਬੋਲੀ ਦਾ ਰੂਪ ਲੈ ਲਿਆ। "ਸੰਕੇਤ ਦੇ ਸੰਕੇਤ" ਦੇ ਵਿਕਾਸ ਪੜਾਵਾਂ ਨੇ ਮਨੁੱਖੀ ਦਿਮਾਗ ਨੂੰ ਹੋਰ ਵਿਕਸਤ ਕੀਤਾ ਅਤੇ ਉਸ ਦੀ ਸੋਚਣ, ਅਗਾਊਂ ਯੋਜਨਾ ਬਣਾ ਕੇ ਕੰਮ ਕਰਨ ਦੀ ਯੋਗਤਾ ਚੋਖੀ ਹੱਦ ਤੱਕ ਵਿਕਸਤ ਹੋ ਗਈ। ਇਸ ਪੂਰੇ ਸਮੇਂ ਦੌਰਾਨ ਮਨੁੱਖ ਦੀ ਇੱਕ ਨਹੀਂ ਸਗੋਂ ਕਈ ਨਸਲਾਂ ਧਰਤੀ 'ਤੇ ਵਿਚਰ ਰਹੀਆਂ ਸਨ ਅਤੇ ਆਧੁਨਿਕ ਮਨੁੱਖ ਦੇ ਵਡੇਰੇ ਦੋ ਕੁ ਲੱਖ ਸਾਲ ਪਹਿਲਾਂ ਧਰਤੀ 'ਤੇ ਵਿਚਰਨੇ ਸ਼ੁਰੂ ਹੋਏ ਜਿਹਨਾਂ ਨੇ ਅੱਗੇ ਚੱਲ ਕੇ ਅੱਜ ਦੇ ਮਨੁੱਖ ਦਾ ਰੂਪ ਲਿਆ ਅਤੇ ਬਾਕੀ ਦੀਆਂ ਨਸਲਾਂ ਨਵ-ਪੱਥਰ ਯੁੱਗ ਆਉਂਦੇ-ਆਉਂਦੇ ਖਤਮ ਹੋ ਗਈਆਂ।

ਸ਼ਿਕਾਰ ਕਰਨਾ, ਖੁਰਾਕ ਇਕੱਠੀ ਕਰਨੀ ਤੇ ਸੰਦ ਬਣਾਉਣੇ, ਇਹ ਸਾਰਾ ਕੁਝ ਸਮੂਹਿਕ

ਹੁੰਦਾ ਸੀ ਅਤੇ ਉਸ ਸਮੇਂ ਇਹ ਸਮੂਹਿਕ ਹੀ ਹੋ ਸਕਦਾ ਸੀ ਕਿਉਂਕਿ ਉਸ ਸਮੇਂ ਮਨੁੱਖ ਇੰਨਾ ਤਾਕਤਵਰ ਨਹੀਂ ਸੀ ਕਿ ਉਹ ਸਮੂਹ ਤੋਂ ਬਿਨਾਂ ਜਾਨਵਰਾਂ ਦਾ ਸ਼ਿਕਾਰ ਕਰ ਸਕਦਾ ਤੇ ਕੁਦਰਤ ਦਾ ਟਾਕਰਾ ਕਰ ਸਕਦਾ। ਦੂਜਾ ਤੇ ਅਹਿਮ ਕਾਰਨ ਇਹ ਸੀ ਕਿ ਉਸ ਸਮੇਂ ਜੇ ਸਮੂਹ ਦੇ ਕੁਝ ਮੈਂਬਰ ਖੁਰਾਕ ਦਾ ਇੰਤਜ਼ਾਮ ਕਰਨ 'ਚ ਹਿੱਸਾ ਨਾ ਪਾਉਣ ਤੋਂ ਇਨਕਾਰ ਕਰ ਦਿੰਦੇ ਤਾਂ ਖੁਰਾਕ ਦੀ ਕਮੀ ਹੋ ਜਾਣੀ ਸੀ ਤੇ ਨਤੀਜੇ ਵਜੋਂ ਭੁੱਖਮਰੀ ਤੇ ਸਮੂਹ ਦਾ ਸਫਾਇਆ। ਇਸ ਲਈ ਸਮੂਹ ਦੇ ਤੌਰ 'ਤੇ ਅਤੇ ਸਾਰੇ ਸਮੂਹ ਦੇ ਕੰਮ ਕਰਨ ਦੀ ਸ਼ਰਤ 'ਤੇ ਹੀ ਇਸ ਦੌਰ ਦਾ ਮਨੁੱਖੀ (ਸਮਾਜ) ਜਿਉਂਦਾ ਰਹਿ ਸਕਦਾ ਸੀ। ਸਮੂਹ ਦੇ ਨੌਜਵਾਨ ਮਰਦ ਮੈਂਬਰ ਸ਼ਿਕਾਰ ਕਰਨ ਜਾਂਦੇ, ਬਜ਼ੁਰਗ ਮਰਦ ਸੰਦ ਬਣਾਉਂਦੇ, ਔਰਤਾਂ ਤੇ ਬੱਚੇ ਆਲੇ-ਦੁਆਲੇ 'ਚੋਂ ਖੁਰਾਕੀ ਪਦਾਰਥ ਇਕੱਠੇ ਕਰਦੇ, ਔਰਤਾਂ ਖੱਲਾਂ ਦੇ ਬਸਤਰ ਬਣਾਉਣ ਲੱਗੀਆਂ। ਸਾਰਾ ਕੁਝ ਸਭ ਦਾ ਸਾਂਝਾ ਸੀ, "ਮੇਰਾ" ਤੇ "ਤੇਰਾ" ਅਜੇ ਪੈਦਾ ਨਹੀਂ ਹੋਏ ਸਨ। ਮਨੁੱਖ ਦੇ ਰਸਮ-ਰਿਵਾਜ ਤੇ ਵਿਸ਼ਵਾਸ ਸਮੇਂ ਦੇ ਅਨੁਸਾਰੀ ਸਨ, ਮਨੁੱਖ ਜਿਹੜੇ ਜਾਨਵਰਾਂ ਦਾ ਸ਼ਿਕਾਰ ਕਰਕੇ ਭੋਜਨ ਹਾਸਲ ਕਰਦਾ ਉਹ ਜਾਨਵਰ ਮਨੁੱਖ ਲਈ ਪੂਜਣ-ਯੋਗ ਸਨ ਕਿਉਂਕਿ ਮਨੁੱਖ ਸਮਝਦਾ ਸੀ ਕਿ ਜੇ ਇਹਨਾਂ ਜਾਨਵਰਾਂ ਨੇ ਖੁਦ ਨੂੰ ਸ਼ਿਕਾਰ ਦੇ ਤੌਰ 'ਤੇ ਪੇਸ਼ ਨਾ ਕੀਤਾ ਹੁੰਦਾ ਤਾਂ ਮਨੁੱਖ ਨੇ ਭੁੱਖਿਆਂ ਮਰ ਜਾਣਾ ਸੀ। ਕੋਈ ਮਨੁੱਖੀ ਸਮੂਹ ਜਿਹੜੇ ਜਾਨਵਰ ਦਾ ਮੁੱਖ ਤੌਰ 'ਤੇ ਸ਼ਿਕਾਰ ਕਰਦਾ ਉਹੀ ਉਸਦਾ ਦੇਵਤਾ ਤੇ ਸਮੂਹ ਦਾ ਚਿੰਨ੍ਹ ਬਣ ਜਾਂਦਾ ਜਿਸਨੂੰ 'ਟੋਟਮ' ਕਿਹਾ ਜਾਂਦਾ ਹੈ। ਸ਼ਿਕਾਰ ਕਰਨ, ਖੁਰਾਕ ਇਕੱਠੀ ਕਰਨ ਤੇ ਸੰਦ ਬਣਾਉਣ ਦੀਆਂ ਮਨੁੱਖੀ ਹਰਕਤਾਂ ਨੂੰ ਨਾਚਾਂ ਦੇ ਰੂਪ 'ਚ ਪੁਨਰ-ਪ੍ਰਸਤੁਤ ਕੀਤਾ ਜਾਂਦਾ ਜਿਸ ਨਾਲ਼ ਨਵੀਂ ਪੀੜ੍ਹੀ ਦੇ ਲੋਕਾਂ ਨੂੰ ਸਿੱਖਿਆ ਵੀ ਮਿਲਦੀ ਤੇ ਮਨੁੱਖ ਦੇਵਤੇ ਦਾ ਸ਼ੁਕਰੀਆ ਵੀ ਅਦਾ ਕਰਦਾ। ਇਹਨਾਂ ਨਾਚਾਂ ਨੂੰ ਸ਼ਿਕਾਰ 'ਤੇ ਜਾਣ ਤੋਂ ਪਹਿਲਾਂ ਤੇ ਸ਼ਿਕਾਰ ਦੇ ਸਫ਼ਲ ਰਹਿਣ ਤੋਂ ਬਾਅਦ ਕੀਤਾ ਜਾਂਦਾ। ਸਮੂਹ ਦਾ ਮੋਹਰੀ ਵਿਅਕਤੀ ਧੂਆਂ ਜਾਂ ਕਿਸੇ ਹੋਰ ਤਰੀਕੇ ਨਾਲ਼ ਨਾਚ ਦੀ ਅਗਵਾਈ ਕਰਦਾ। ਜੇ ਮਨੁੱਖੀ ਸਮੂਹ ਜਾਂ ਕਬੀਲੇ ਨੂੰ ਕਿਸੇ ਦੂਸਰੇ ਸਮੂਹ ਜਾਂ ਕਬੀਲੇ ਨਾਲ਼ ਲੜਨਾ ਪੈਂਦਾ ਤਾਂ ਉਹ ਆਪਣਾ ਇੱਕ ਸਰਦਾਰ ਚੁਣ ਲੈਂਦਾ ਜਿਹੜਾ ਓਨਾ ਚਿਰ ਹੀ ਸਰਦਾਰ ਰਹਿੰਦਾ ਜਿੰਨਾ ਚਿਰ ਲੜਾਈ ਹੁੰਦੀ, ਬਾਅਦ ਵਿੱਚ ਉਹ ਵੀ ਕਬੀਲੇ ਦੇ ਬਾਕੀ ਮੈਂਬਰਾਂ ਵਾਂਗ ਕੰਮ ਕਰਦਾ। ਲੜਾਈ 'ਚ ਜੇਤੂ ਕਬੀਲਾ ਜਾਂ ਤਾਂ ਦੂਜੇ ਕਬੀਲੇ ਦੇ ਸਾਰੇ ਆਦਮੀਆਂ ਨੂੰ ਮਾਰ ਦਿੰਦਾ ਜਾਂ ਫਿਰ ਉਹਨਾਂ ਨੂੰ ਆਪਣੇ ਵਿੱਚ ਸ਼ਾਮਿਲ ਕਰ ਲੈਂਦਾ ਤੇ ਇਹਨਾਂ ਨਵੇਂ ਮੈਂਬਰਾਂ ਨੂੰ ਵੀ ਉਵੇਂ ਹੀ ਕੰਮ ਕਰਨਾ ਪੈਂਦਾ ਤੇ ਉਹਨਾਂ ਨੂੰ ਬਰਾਬਰ ਦਾ ਹਿੱਸਾ ਮਿਲਦਾ। ਇਸ ਤਰ੍ਹਾਂ ਅਜੇ ਤੱਕ ਕਬੀਲੇ ਦੇ ਸਰਦਾਰ ਅਤੇ ਨਾਚਾਂ-ਰਸਮਾਂ ਦੌਰਾਨ ਅਗਵਾਈ ਕਰਨ ਵਾਲ਼ੇ ਮੈਂਬਰਾਂ ਨੂੰ ਵਿਸ਼ੇਸ਼-ਅਧਿਕਾਰ ਪ੍ਰਾਪਤ ਰੁਤਬਾ ਹਾਸਲ ਨਹੀਂ ਸੀ ਹੋਇਆ। ਕਬੀਲੇ 'ਚ ਕਿਉਂਕਿ ਜ਼ਿਆਦਾ ਕੰਮ ਔਰਤਾਂ ਨੂੰ ਕਰਨਾ ਪੈਂਦਾ, ਇਸ ਲਈ ਕਬੀਲੇ 'ਚ ਉਹਨਾਂ ਦੀ ਹੀ ਚਲਦੀ ਸੀ, ਮਨੁੱਖੀ

ਕਬੀਲੇ ਅਜੇ ਮਾਤਾ–ਪ੍ਰਧਾਨ ਸਨ। ਇਸ ਸਾਰੇ ਸਮੇਂ ਦੌਰਾਨ ਮਨੁੱਖ ਮੁੱਢਲੇ ਪੱਥਰ–ਯੁੱਗ ਤੇ ਮੱਧ ਪੱਥਰ–ਯੁੱਗ ਵਿੱਚ ਹੀ ਵਿਚਰ ਰਿਹਾ ਸੀ। ਵਿਕਾਸ ਦੇ ਪੜਾਵਾਂ ’ਤੇ ਅੱਗੇ ਵਧਦਾ ਹੋਇਆ ਮਨੁੱਖ ਲਗਭਗ 10,000 ਸਾਲ ਪਹਿਲਾਂ ਉਸ ਪੜਾਅ ’ਤੇ ਆ ਪਹੁੰਚਦਾ ਹੈ ਜਿਸਨੂੰ ਸੰਸਾਰ ਪ੍ਰਸਿੱਧ ਪੁਰਾਤੱਤਵ ਵਿਗਿਆਨੀ ਵੀ. ਗੌਰਡਨ ਚਾਈਲਡ ਨੇ “ਨੀਓਲਿਥਿਕ ਰੈਵੋਲੂਸ਼ਨ” (ਨਵ–ਪੱਥਰਯੁਗੀ ਇਨਕਲਾਬ) ਕਿਹਾ।

ਨਵ–ਪੱਥਰਯੁਗੀ ਇਨਕਲਾਬ ਦੇ ਪੜਾਅ ’ਤੇ ਆਕੇ ਜਿਸਨੂੰ ਨਵ–ਪੱਥਰਯੁਗੀ ਖੇਤੀ ਇਨਕਲਾਬ ਵੀ ਕਿਹਾ ਜਾਂਦਾ ਹੈ, ਮਨੁੱਖ ਨੇ ਜਾਨਵਰਾਂ ਤੇ ਪੌਦਿਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕੀਤਾ। ਅਜਿਹਾ ਨਹੀਂ ਕਿ ਮਨੁੱਖ ਕੋਲ ਪਹਿਲਾਂ ਕੋਈ ਪਾਲਤੂ ਜਾਨਵਰ ਨਹੀਂ ਸੀ, ਕੁੱਤੇ ਨੂੰ ਉਹ ਕਾਫ਼ੀ ਦੇਰ ਪਹਿਲਾਂ ਹੀ ਆਪਣਾ ਸਾਥੀ ਬਣਾ ਚੁੱਕਾ ਸੀ। ਪਰ ਇਸਤੋਂ ਪਹਿਲਾਂ ਮਨੁੱਖ ਨੇ ਕਦੇ ਵੀ ਮਾਸ ਤੇ ਹੋਰ ਖੁਰਾਕੀ ਪਦਾਰਥ ਹਾਸਲ ਕਰਨ ਲਈ ਜਾਨਵਰਾਂ ਨੂੰ ਪਾਲਤੂ ਬਣਾ ਕੇ ਇੱਕ ਥਾਂ ਟਿਕ ਕੇ ਰਹਿਣਾ ਸ਼ੁਰੂ ਨਹੀਂ ਕੀਤਾ ਸੀ। ਉਸਨੇ ਭੇਡ, ਬੱਕਰੀ, ਘੋੜੇ ਤੇ ਹੋਰ ਜਾਨਵਰਾਂ ਨੂੰ ਪਾਲਤੂ ਬਣਾਇਆ। ਨਾਲ਼ ਹੀ, ਉਸਨੇ ਬਹੁਤ ਸਾਰੇ ਜੰਗਲੀ ਅਨਾਜ ਤੇ ਹੋਰ ਖੁਰਾਕੀ ਪੌਦਿਆਂ ਨੂੰ ਆਪ ਉਗਾਉਣਾ ਸ਼ੁਰੂ ਕੀਤਾ। ਸਭ ਤੋਂ ਪਹਿਲੀ ਖੇਤੀ 9,000 ਈ.ਪੂ. ਵਿੱਚ ਮਿਸਰ ਤੇ ਪੱਛਮੀ ਏਸ਼ੀਆ ਦੇ ਇਲਾਕਿਆਂ ’ਚ ਸ਼ੁਰੂ ਹੋਈ ਮੰਨੀ ਜਾਂਦੀ ਹੈ। ਲਗਭਗ ਇਸੇ ਹੀ ਸਮੇਂ (8,000 ਈ.ਪੂ.) ਚੀਨ ਅਤੇ ਭਾਰਤ ਵਿੱਚ ਵੀ ਖੇਤੀ ਦੀ ਸ਼ੁਰੂਆਤ ਹੋ ਚੁੱਕੀ ਸੀ। ਇਸ ਤੋਂ ਬਾਅਦ ਖੇਤੀ ਯੂਰਪ ਦੇ ਇਲਾਕੇ ’ਚ ਫੈਲ ਗਈ। ਫਸਲਾਂ ਦੀ ਬਿਜਾਈ ਪੱਥਰ ਦੀਆਂ ਬਣੀਆਂ ਲੰਮੀਆਂ ਸੱਬਲਾਂ ਜਾਂ ਕੁਦਾਲੀਆਂ ਨਾਲ਼ ਹੁੰਦੀ ਅਤੇ ਬਿਜਾਈ ਤੇ ਗਹਾਈ ਦਾ ਕੰਮ ਔਰਤਾਂ ਹੀ ਕਰਦੀਆਂ। ਪੱਥਰ ਦੇ ਸੰਦਾਂ ਨਾਲ਼ ਜ਼ਮੀਨ ਦੀ ਵਹਾਈ ਬਹੁਤੀ ਡੂੰਘੀ ਨਹੀਂ ਸੀ ਹੁੰਦੀ ਅਤੇ ਉਪਜਾਊ ਸ਼ਕਤੀ ਵੀ ਜਲਦੀ ਹੀ ਖਤਮ ਹੋ ਜਾਂਦੀ। ਕਬੀਲਾ ਨਵੀਂ ਜ਼ਮੀਨ ਸਾਫ਼ ਕਰਦਾ ਤੇ ਉੱਥੇ ਖੇਤੀ ਸ਼ੁਰੂ ਕਰ ਦਿੰਦਾ। ਖੇਤੀ ਸ਼ੁਰੂ ਹੋਣ ਦਾ ਮਤਲਬ ਇਹ ਨਹੀਂ ਸੀ ਕਿ ਹੁਣ ਮਨੁੱਖ ਨੇ ਪਸ਼ੂਆਂ ਨੂੰ ਖੇਤੀ ਦੇ ਕੰਮਾਂ ’ਚ ਵਰਤਣਾ ਸ਼ੁਰੂ ਕਰ ਦਿੱਤਾ ਸੀ, ਖੇਤੀ ਮਨੁੱਖ ਆਪਣੀ ਮਿਹਨਤ ਨਾਲ਼ ਹੀ ਕਰਦਾ ਸੀ। ਪਸ਼ੂ–ਪਾਲਣ ਦਾ ਉਦੇਸ਼ ਮਾਸ, ਦੁੱਧ ਤੇ ਖੱਲਾਂ ਹਾਸਲ ਕਰਨਾ ਸੀ। ਇੱਥੋਂ ਤੱਕ ਘੋੜੇ ਨੂੰ ਬੜੀ ਦੇਰ ਤੱਕ ਦੁੱਧ ਤੇ ਮਾਸ ਲਈ ਪਾਲਿਆ ਜਾਂਦਾ ਰਿਹਾ। ਇਸ ਸਾਰੇ ਸਮੇਂ ਦੌਰਾਨ ਕਬੀਲੇ ਦੇ ਅੰਦਰ ਵੀ ਅਤੇ ਕਬੀਲਿਆਂ ਦੇ ਵਿਚਕਾਰ ਵੀ ਵੱਡੀਆਂ ਕਿਰਤ ਵੰਡਾਂ ਸਾਹਮਣੇ ਆਈਆਂ। ਕਈ ਕਬੀਲੇ ਮੁੱਖ ਤੌਰ ’ਤੇ ਪਸ਼ੂ–ਪਾਲਕ ਬਣ ਗਏ ਅਤੇ ਕਈ ਮੁੱਖ ਤੌਰ ’ਤੇ ਖੇਤੀ ਕਰਨ ਵਾਲ਼ੇ, ਜਦਕਿ ਕਈ ਕਬੀਲੇ ਦੋਵੇਂ ਕੰਮ ਹੀ ਕਰਦੇ। ਇਸ ਕਿਰਤ ਵੰਡ ਨਾਲ਼ ਕਬੀਲਿਆਂ ਵਿਚਕਾਰ ਚੀਜ਼ਾਂ ਦੇ ਵਟਾਂਦਰੇ ਦਾ ਅਧਾਰ ਤਿਆਰ ਹੋਇਆ ਅਤੇ ਕਬੀਲਿਆਂ ’ਚ ਧਨ ਦਾ ਸੰਕਲਪ ਪੈਦਾ ਹੋਇਆ। ਜਿਹੜੇ ਕਬੀਲੇ ਕੋਲ ਜ਼ਿਆਦਾ ਪਸ਼ੂ ਹੁੰਦੇ ਉਹ ਅਮੀਰ ਹੁੰਦਾ ਤੇ ਜਿਹੜੇ ਕੋਲ ਘੱਟ ਉਹ ਗਰੀਬ ਹੁੰਦਾ, ਇਸੇ

ਤਰ੍ਹਾਂ ਜਿਸ ਕਬੀਲੇ ਕੋਲ ਜ਼ਿਆਦਾ ਅਨਾਜ ਦੇ ਭੰਡਾਰ ਹੁੰਦੇ ਉਹ ਅਮੀਰ ਹੁੰਦਾ ਤੇ ਦੂਜਾ ਗਰੀਬ। ਕਬੀਲੇ ਦੇ ਅੰਦਰ ਵੀ ਕਿਰਤ ਵੰਡ ਦਾ ਅਧਾਰ ਤਿਆਰ ਹੋ ਚੁੱਕਾ ਸੀ। ਪਸ਼ੂ-ਪਾਲਣ ਦੇ ਨਾਲ਼-ਨਾਲ਼ ਮਰਦ ਹੁਣ ਖੇਤਾਂ ਦੇ ਕੰਮ 'ਚ ਹਿੱਸਾ ਲੈਣ ਲੱਗੇ ਸਨ ਅਤੇ ਜਿਵੇਂ ਜਿਵੇਂ ਖੇਤੀ 'ਚ ਬਲ ਦੀ ਜ਼ਰੂਰਤ ਵਧਦੀ ਗਈ ਖੇਤੀ ਵਿੱਚ ਔਰਤਾਂ ਦਾ ਦਾਇਰਾ ਸੀਮਤ ਹੁੰਦਾ ਗਿਆ ਤੇ ਮਰਦਾਂ ਦੀ ਭੂਮਿਕਾ ਵਧਦੀ ਗਈ। ਨਤੀਜੇ ਵਜੋਂ ਔਰਤਾਂ ਕਬੀਲੇ 'ਚ ਆਪਣੀ ਪ੍ਰਧਾਨ ਪੋਜ਼ੀਸ਼ਨ ਨੂੰ ਗੁਆਉਂਦੀਆਂ ਚਲੀਆਂ ਗਈਆਂ ਤੇ ਕਬੀਲੇ ਪਿਤਾ-ਪ੍ਰਧਾਨ ਹੋਣ ਲੱਗੇ। ਕਬੀਲੇ ਲਈ ਜ਼ਰੂਰੀ ਸੰਦ ਬਣਾਉਣ ਲਈ ਕਾਰੀਗਰਾਂ ਦਾ ਇੱਕ ਟੋਲਾ ਹੋਂਦ 'ਚ ਆ ਗਿਆ ਸੀ ਜਿਹੜਾ ਸਮੇਂ ਨਾਲ਼ ਨਾ ਸਿਰਫ਼ ਆਪਣੇ ਕਬੀਲੇ ਲਈ ਚੀਜ਼ਾਂ ਬਣਾਉਂਦਾ, ਸਗੋਂ ਹੋਰਨਾਂ ਕਬੀਲਿਆਂ ਨਾਲ਼ ਵੀ ਵਟਾਂਦਰਾ ਕਰਨ ਲਈ ਸੰਦ ਆਦਿ ਬਣਾਉਣ ਲੱਗਾ। ਦੂਜੇ ਪਾਸੇ, ਕਿਉਂਕਿ ਕਬੀਲੇ ਕੋਲ ਹਰ ਸਮੇਂ ਪਸ਼ੂਆਂ ਦਾ ਇੱਕ ਵੱਡਾ ਇੱਜੜ ਤੇ ਅਨਾਜ ਦੇ ਭੰਡਾਰ ਮੌਜੂਦ ਰਹਿੰਦੇ ਸਨ, ਇਹਨਾਂ ਦੀ ਰਖਵਾਲੀ ਲਈ ਇੱਕ ਤਿਆਰ-ਬਰ-ਤਿਆਰ ਲੜਾਕੂ ਦਸਤਾ ਰੱਖਣਾ ਜ਼ਰੂਰੀ ਹੁੰਦਾ ਗਿਆ। ਕਬੀਲੇ ਦਾ ਸਰਦਾਰ ਇਸ ਲੜਾਕੂ ਦਸਤੇ ਦਾ ਵੀ ਮੁਖੀ ਹੁੰਦਾ ਅਤੇ ਉਸਨੂੰ ਸਮੇਤ ਲੜਾਕੂ ਦਸਤੇ ਦੇ ਆਦਮੀਆਂ ਦੇ ਖੇਤੀ, ਪਸ਼ੂ-ਪਾਲਣ ਤੇ ਹੋਰ ਕੰਮਾਂ ਤੋਂ ਛੋਟ ਮਿਲਣ ਲੱਗੀ। ਨਾਚਾਂ-ਰਸਮਾਂ 'ਚ ਜਾਦੂਗਰ-ਨੁਮਾ ਭੂਮਿਕਾ ਅਦਾ ਕਰਨ ਵਾਲ਼ਾ ਮੋਹਰੀ ਵਿਅਕਤੀ ਹੁਣ ਅਜਿਹਾ ਖਾਸ ਆਦਮੀ ਬਣਨ ਵੱਲ ਵਧਣ ਲੱਗਾ ਜਿਹੜਾ ਕਬੀਲੇ ਦੀਆਂ ਪੈਦਾਵਾਰੀ ਸਰਗਰਮੀਆਂ ਦੀ ਸਫ਼ਲਤਾ ਲਈ ਅਤੇ ਕਬੀਲੇ ਨੂੰ ਦੁਸ਼ਮਨਾਂ ਤੋਂ ਬਚਾਉਣ ਲਈ ਦੇਵਤਿਆਂ ਅੱਗੇ ਸਮੂਹ ਕਬੀਲੇ ਵੱਲੋਂ ਨੁਮਾਇੰਦਾ ਬਣ ਗਿਆ ਤੇ ਉਹ ਖੇਤੀ ਲਈ ਜ਼ਰੂਰੀ ਜਾਣਕਾਰੀਆਂ ਜਿਵੇਂ ਮੌਸਮਾਂ ਦੀ ਜਾਣਕਾਰੀ ਆਦਿ ਵੀ ਰੱਖਣ ਲੱਗਾ ਜਿਸਨੂੰ ਉਹ ਦੇਵਤਿਆਂ ਦੀ ਬਖਸ਼ਿਸ਼ ਬਣਾ ਕੇ ਇੱਕ ਰਹੱਸ ਦੇ ਤੌਰ 'ਤੇ ਪੇਸ਼ ਕਰਦਾ। ਇਸ ਤਰ੍ਹਾਂ ਕਬੀਲੇ 'ਚ ਦਿਮਾਗੀ ਕੰਮ ਤੇ ਸਰੀਰਕ ਕੰਮ ਦੀ ਕਿਰਤ ਵੰਡ ਦੀ ਵੀ ਬੁਨਿਆਦ ਰੱਖੀ ਜਾ ਚੁੱਕੀ ਸੀ। ਕਬੀਲੇ ਦੇ ਸਰਦਾਰ ਕੋਲ ਦੂਜੇ ਕਬੀਲੇ ਨਾਲ਼ ਹੁੰਦੀਆਂ ਲੜਾਈਆਂ ਦੌਰਾਨ ਹਾਸਲ ਹੁੰਦੇ ਲੁੱਟ ਦੇ ਮਾਲ 'ਚੋਂ ਆਪਣੀ ਪੋਜ਼ੀਸ਼ਨ ਕਾਰਨ ਜ਼ਿਆਦਾ ਹਿੱਸਾ ਹੜੱਪ ਸਕਣ ਦੇ ਮੌਕੇ ਪੈਦਾ ਹੋਣ ਲੱਗੇ। ਇਸ ਦੌਰਾਨ ਖੇਤੀਯੋਗ ਭੂਮੀ ਦੇ ਟੁਕੜੇ ਅਲੱਗ-ਅਲੱਗ ਮੈਂਬਰਾਂ ਨੂੰ ਖੇਤੀ ਕਰਨ ਲਈ ਦਿੱਤੇ ਜਾਣ ਦਾ ਰਿਵਾਜ ਵੀ ਸ਼ੁਰੂ ਹੋ ਗਿਆ ਅਤੇ ਨਿੱਜੀ ਜਾਇਦਾਦ ਦਾ ਸੰਕਲਪ ਹੋਂਦ ਵਿੱਚ ਆਇਆ। ਕਬੀਲੇ ਦਾ ਸਰਦਾਰ ਦੂਜੇ ਕਬੀਲੇ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਆਪਣੇ ਖੇਤਾਂ 'ਚ ਕੰਮ 'ਤੇ ਲਾਉਣ ਲੱਗਾ ਤੇ ਦੂਜੇ ਕਬੀਲੇ ਦੀ ਜ਼ਮੀਨ 'ਚੋਂ ਵੀ ਵੱਡਾ ਹਿੱਸਾ ਰੱਖਣ ਲੱਗਾ। ਇਸ ਤਰ੍ਹਾਂ ਉਹ ਕਬੀਲੇ 'ਚ ਅਮੀਰ ਆਦਮੀ ਦੀ ਹੈਸੀਅਤ 'ਚ ਆਣ ਲੱਗਾ। ਉਸਦੇ ਨੇੜੇ ਦੇ ਆਦਮੀ ਉਸ ਵਾਂਗ ਹੀ ਅਮੀਰ ਹੋਣ ਲੱਗੇ। ਪਰ ਅਜੇ ਵੀ ਕਬਾਇਲੀ ਸਮਾਜ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਸੀ ਹੋਇਆ।

ਅਜੇ ਵੀ ਸਾਰਾ ਕੁਝ ਸਾਂਝਾ ਹੀ ਸੀ ਭਾਵੇਂ ਕਬੀਲੇ ਦੇ ਸਰਦਾਰ ਤੇ ਉਸਦੇ ਨੇੜਲੇ ਆਦਮੀ ਅਤੇ ਪੁਜਾਰੀ ਆਦਮੀ ਆਪਣਾ ਹਿੱਸਾ ਵੱਡਾ ਕਰਨ ਦੀ ਕੋਸ਼ਿਸ਼ ਕਰਦੇ। ਸਰਦਾਰ ਅਜੇ ਰਾਜਸੱਤ੍ਹਾ ਦਾ ਰੂਪ ਨਹੀਂ ਸੀ, ਉਹ ਕਬੀਲੇ ਤੋਂ ਉੱਪਰ ਬੈਠੀ ਕੋਈ ਸ਼ੈਅ ਨਹੀਂ ਸੀ ਸਗੋਂ ਉਹ ਕਬੀਲੇ ਦਾ ਹੀ ਇੱਕ ਮੈਂਬਰ ਸੀ। ਪਰ ਕਬੀਲੇ ਦੇ ਮੈਂਬਰਾਂ 'ਚ ਆਰਥਕ ਤੇ ਸਮਾਜਿਕ ਨਾ-ਬਰਾਬਰੀ ਪੈਦਾ ਹੋ ਚੁੱਕੀ ਸੀ। ਇਸਤੋਂ ਅੱਗੇ ਵਧ ਕੇ ਮਨੁੱਖਾਂ ਦੀ ਅਬਾਦੀ ਵਧਣ ਕਾਰਨ ਤੇ ਕਈ ਕਬਾਇਲੀ ਪਿੰਡਾਂ ਦੇ ਰਲੇਵੇਂ ਨਾਲ਼ ਨਗਰਾਂ ਦਾ ਤੇ ਫਿਰ ਸ਼ਹਿਰਾਂ ਦਾ ਉਦੈ ਹੋਇਆ ਅਤੇ ਕਬੀਲਿਆਂ ਦੇ ਸਰਦਾਰਾਂ ਤੇ ਉਹਨਾਂ ਦੇ ਨੇੜਲੇ ਲੋਕਾਂ ਦੀ ਇੱਕ ਅਮੀਰ ਜਮਾਤ ਹੋਂਦ 'ਚ ਆਉਣ ਲੱਗੀ। ਉਹ ਆਪਣੇ ਹੀ ਕਬੀਲੇ ਦੇ ਕੰਗਾਲ ਹੋ ਚੁੱਕੇ ਆਦਮੀਆਂ ਨੂੰ ਜਾਂ ਦੂਸਰੇ ਕਬੀਲਿਆਂ ਦੇ ਕੈਦ ਕੀਤੇ ਆਦਮੀਆਂ ਨੂੰ ਗੁਲਾਮਾਂ ਦੇ ਤੌਰ 'ਤੇ ਇਸਤੇਮਾਲ ਕਰਨ ਲੱਗੇ, ਇਸ ਤਰ੍ਹਾਂ ਪਹਿਲੇ ਜਮਾਤੀ ਸਮਾਜ ਗੁਲਾਮਦਾਰੀ ਸਮਾਜ ਦਾ ਮੁੱਢ ਬੱਝਿਆ। ਫਿਰ ਸਮਾਜਿਕ ਵਿਕਾਸ ਦੇ ਪੜਾਅ ਤੈਅ ਕਰਦਾ ਹੋਇਆ ਮਨੁੱਖੀ ਸਮਾਜ ਗੁਲਾਮਦਾਰੀ 'ਚੋਂ ਨਿਕਲ ਕੇ ਜਗੀਰਦਾਰੀ ਸਮਾਜ ਵਿੱਚ ਤੇ ਫਿਰ ਸਰਮਾਏਦਾਰਾ ਸਮਾਜ ਪਹੁੰਚਿਆ। ਪਰ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਮਨੁੱਖੀ ਸਮਾਜ 'ਚ ਆਉਂਦੇ ਤੇ ਆ ਚੁੱਕੇ ਇਹਨਾਂ ਬਦਲਾਵਾਂ ਪਿੱਛੇ ਕਿਹੜੀਆਂ ਚਾਲਕ ਸ਼ਕਤੀਆਂ ਹਨ ਜਿਹਨਾਂ ਦੀ ਬਦੌਲਤ ਮਨੁੱਖੀ ਸਮਾਜ ਲਗਾਤਾਰ ਵਿਕਾਸ ਦੇ ਉਚੇਰੇ ਪੱਧਰ 'ਚ ਤਬਦੀਲ ਹੁੰਦਾ ਗਿਆ ਅਤੇ ਇਹ ਚਾਲਕ ਸ਼ਕਤੀਆਂ ਕਿਹੜੇ ਨਿਯਮਾਂ ਅਧੀਨ ਕੰਮ ਕਰਦੀਆਂ ਹਨ ? ਨਾਲ਼ ਹੀ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਮਨੁੱਖੀ ਸਮਾਜ ਦੀ ਭਵਿੱਖ ਦੀ ਦਿਸ਼ਾ ਕੀ ਹੋ ਸਕਦੀ ਹੈ ? ਇਸ ਨਾਲ਼ ਇੱਕ ਤਾਂ ਸਾਡੀ ਮਨੁੱਖੀ ਸਮਾਜ ਦੀ ਸਮਝ ਹੋਰ ਵਿਕਸਤ ਹੋਵੇਗੀ, ਦੂਜਾ ਜਦੋਂ ਸਾਨੂੰ ਇਹਨਾਂ ਸ਼ਕਤੀਆਂ ਤੇ ਨਿਯਮਾਂ ਦਾ ਪਤਾ ਹੋਵੇਗਾ ਤਾਂ ਅਸੀਂ ਇਹਨਾਂ ਦੀ ਵਰਤੋਂ ਕਰਦੇ ਹੋਏ ਆਪਣੇ ਸਮਾਜ ਨੂੰ ਸਚੇਤ ਰੂਪ 'ਚ ਅਗਲੇਰੇ ਪੜਾਅ 'ਤੇ ਲੈ ਜਾ ਸਕਣ ਦੇ ਸਮਰੱਥ ਹੋਵਾਂਗੇ।

ਇਹਨਾਂ ਸਵਾਲਾਂ ਦਾ ਜਵਾਬ 19ਵੀਂ ਸਦੀ ਮਹਾਨ ਜਰਮਨ ਦਾਰਸ਼ਨਿਕ ਤੇ ਵਿਗਿਆਨੀ ਕਾਰਲ ਮਾਰਕਸ ਨੇ ਦਿੱਤਾ। ਉਹਨਾਂ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਪਿੱਛੇ ਕੰਮ ਕਰਦੀਆਂ ਚਾਲਕ ਸ਼ਕਤੀਆਂ ਤੇ ਨਿਯਮਾਂ ਨੂੰ ਖੋਜਿਆ ਤੇ ਮਨੁੱਖੀ ਇਤਿਹਾਸ ਨੂੰ ਤਰਤੀਬਬੱਧ ਰੂਪ ਦਿੱਤਾ। ਇਸ ਤੋਂ ਪਹਿਲਾਂ ਮਨੁੱਖੀ ਇਤਿਹਾਸ ਬਸ ਦੇਵਨੀਤ ਹੁੰਦੀਆਂ ਘਟਨਾਵਾਂ ਦਾ ਇੱਕ ਸਮੂਹ ਪ੍ਰਤੀਤ ਹੁੰਦਾ ਸੀ ਜਾਂ ਇਸ ਪਿੱਛੇ ਕਿਸੇ ਰੱਬੀ, ਰਹੱਸਮਈ ਸ਼ਕਤੀ ਦਾ ਹੱਥ ਦਿਖਾਈ ਦਿੰਦਾ ਸੀ। ਮਾਰਕਸ ਦੀ ਮਨੁੱਖਤਾ ਨੂੰ ਇਹ ਮਹਾਨ ਦੇਣ ਹੈ, ਉਹਨਾਂ ਨੇ ਆਪਣੀ ਇਸ ਖੋਜ ਨੂੰ ਇਤਿਹਾਸਕ ਪਦਾਰਥਵਾਦ ਦਾ ਨਾਮ ਦਿੱਤਾ। ਉਹਨਾਂ ਦੇ ਮਿੱਤਰ ਏਂਗਲਜ਼ ਨੇ ਵੀ "ਟੱਬਰ, ਨਿੱਜੀ ਜਾਇਦਾਦ ਤੇ ਰਾਜ ਦੀ ਉਤਪਤੀ" ਨਾਂ ਦੀ ਕਿਤਾਬ ਤੇ "ਬਾਂਦਰ ਤੋਂ ਮਨੁੱਖ ਤੱਕ ਵਿਕਾਸ 'ਚ ਕਿਰਤ ਵੱਲੋਂ ਪਾਇਆ ਹਿੱਸਾ" ਨਾਂ ਦੇ ਲੇਖ ਰਾਹੀਂ ਉਹਨਾਂ ਦੀ ਇਸ ਖੋਜ

ਵਿੱਚ ਅਹਿਮ ਯੋਗਦਾਨ ਪਾਇਆ।

ਜਿਵੇਂ ਕਿ ਕਿਸੇ ਨੇ ਬੜਾ ਸੋਹਣਾ ਕਿਹਾ ਹੈ ਕਿ ਭਾਵੇਂ ਰੋਟੀ ਮਨੁੱਖ ਦੀ ਇੱਕੋ-ਇੱਕ ਲੋੜ ਨਹੀਂ ਹੈ ਪਰ ਫਿਰ ਵੀ ਅਜੇ ਤੱਕ ਕੋਈ ਅਜਿਹਾ ਮਨੁੱਖ ਧਰਤੀ 'ਤੇ ਪੈਦਾ ਨਹੀਂ ਹੋਇਆ ਜਿਹੜਾ ਰੋਟੀ ਤੋਂ ਬਿਨਾਂ ਜ਼ਿੰਦਾ ਰਹਿ ਸਕਦਾ ਹੋਵੇ। ਖੁਰਾਕ, ਸਿਰ ਲੁਕਾਉਣ ਲਈ ਜਗ੍ਹਾ ਤੇ ਮੌਸਮਾਂ ਦੀ ਮਾਰ ਤੋਂ ਖੁਦ ਨੂੰ ਬਚਾਉਣ ਲਈ ਇੰਤਜ਼ਾਮ ਕਰਨਾ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ। ਉਹ ਇਹਨਾਂ ਲੋੜਾਂ ਦੀ ਪੂਰਤੀ ਲਈ ਕਿਰਤ ਕਰਦਾ ਹੈ ਭਾਵ ਕੁਦਰਤ ਤੋਂ ਕੱਚਾ ਮਾਲ ਲੈਕੇ ਆਪਣੇ ਸੰਦਾਂ ਦੀ ਮਦਦ ਨਾਲ਼ ਉਸਨੂੰ ਆਪਣੀ ਵਰਤੋਂ ਦੇ ਯੋਗ ਬਣਾਉਂਦਾ ਹੈ, ਮਨੁੱਖ ਦੀ ਇਸ ਸਰਗਰਮੀ ਨੂੰ ਪੈਦਾਵਾਰ ਕਹਿੰਦੇ ਹਨ। ਪੈਦਾਵਾਰ ਲਈ ਤੇ ਪੈਦਾਵਾਰ ਦੌਰਾਨ ਮਨੁੱਖ ਆਪਣੇ ਜਿਹੇ ਦੂਸਰੇ ਮਨੁੱਖਾਂ ਨਾਲ਼ ਮੇਲ਼-ਜੋਲ਼ ਕਾਇਮ ਕਰਦਾ ਹੈ ਤੇ ਸਬੰਧ ਸਥਾਪਤ ਕਰਦਾ ਹੈ ਜਿਸਨੂੰ ਪੈਦਾਵਾਰੀ ਸਬੰਧ ਕਹਿੰਦੇ ਹਨ। ਪੈਦਾਵਾਰੀ ਸਬੰਧਾਂ 'ਚ ਸਭ ਤੋਂ ਅਹਿਮ ਪੈਦਾਵਾਰ ਦੇ ਸਾਧਨਾਂ (ਕੱਚਾ ਮਾਲ, ਜ਼ਮੀਨ, ਪਾਣੀ ਦੇ ਸ੍ਰੋਤ, ਫੈਕਟਰੀਆਂ, ਦਸਤਕਾਰੀਆਂ, ਆਦਿ) ਦੀ ਮਾਲਕੀ ਹੁੰਦੀ ਹੈ। ਮਨੁੱਖ ਜਿਹੜੀ ਤਾਕਤ ਦੀ ਵਰਤੋਂ ਕਰਕੇ ਕੁਦਰਤ ਨਾਲ਼ ਸੰਘਰਸ਼ ਕਰਦਾ ਹੈ, ਕੁਦਰਤ ਨੂੰ ਜਿੱਤਣ ਤੇ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਹੈ, ਉਸ ਤਾਕਤ ਨੂੰ ਪੈਦਾਵਾਰੀ ਤਾਕਤਾਂ ਕਹਿੰਦੇ ਹਨ। ਪੈਦਾਵਾਰੀ ਤਾਕਤਾਂ ਵਿੱਚ ਮਨੁੱਖ ਖੁਦ ਅਤੇ ਉਸਦੇ ਸੰਦ ਸ਼ਾਮਿਲ ਹੁੰਦੇ ਹਨ। ਪੈਦਾਵਾਰੀ ਤਾਕਤਾਂ ਦਾ ਹਰ ਵਿਕਾਸ ਜਿਸ ਵਿੱਚ ਮਨੁੱਖ ਦੁਆਰਾ ਵਰਤੇ ਜਾਂਦੇ ਸੰਦਾਂ ਦਾ ਵਿਕਾਸ ਤੇ ਮਨੁੱਖ ਦਾ ਖੁਦ ਦਾ ਵਿਕਾਸ ਸ਼ਾਮਿਲ ਹੈ, ਮਨੁੱਖ ਦੇ ਕੁਦਰਤ ਨਾਲ਼ ਸੰਘਰਸ਼ ਵਿੱਚ ਮਨੁੱਖ ਦਾ ਪੱਖ ਮਜ਼ਬੂਤ ਕਰਦਾ ਜਾਂਦਾ ਹੈ ਅਤੇ ਮਨੁੱਖ ਕੁਦਰਤ ਨਾਲ਼ ਸੰਘਰਸ਼ ਦੌਰਾਨ ਪੈਦਾਵਾਰੀ ਤਾਕਤਾਂ ਨੂੰ ਹੋਰ ਬਿਹਤਰ, ਹੋਰ ਬਿਹਤਰ ਬਣਾਉਂਦਾ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਕੁਦਰਤ ਨਾਲ਼ ਆਪਣੇ ਸੰਘਰਸ਼ ਵਿੱਚ ਆਪਣੀ ਪੋਜ਼ੀਸ਼ਨ ਨੂੰ ਵਧੇਰੇ ਤੋਂ ਵਧੇਰੇ ਮਜ਼ਬੂਤ ਤੇ ਸੁਖਾਲੀ ਬਣਾਉਣ ਲਈ ਆਪਣੇ ਸੰਦਾਂ ਨੂੰ ਤੇ ਖੁਦ ਨੂੰ ਵੀ ਵਿਕਸਤ ਕਰਦਾ ਜਾਂਦਾ ਹੈ। ਜਿੰਨਾ ਚਿਰ ਸਾਂਝੀ ਮਾਲਕੀ ਇਸ ਵਿਕਾਸ ਨੂੰ ਉਗਾਸਾ ਦਿੰਦੀ ਸੀ, ਓਨਾ ਚਿਰ ਸਾਂਝੀ ਮਾਲਕੀ ਕਾਇਮ ਰਹੀ, ਜਦੋਂ ਉਹ ਪੈਦਾਵਾਰੀ ਤਾਕਤਾਂ ਦੇ ਹੋਰ ਵਿਕਾਸ ਦੇ ਅਨੁਕੂਲ ਨਾ ਰਹੀ ਤਾਂ ਉਹ ਟੁੱਟਣੀ ਸ਼ੁਰੂ ਹੋ ਗਈ ਜਿਸਦਾ ਨਤੀਜਾ ਜਮਾਤ-ਰਹਿਤ ਮੁੱਢਲੇ ਸਮਾਜ ਦਾ ਜਮਾਤਾਂ 'ਚ ਵੰਡੇ ਸਮਾਜ ਵਿੱਚ ਬਦਲ ਜਾਣ ਵਿੱਚ ਨਿਕਲਿਆ। ਇਹਨਾਂ ਨਵੇਂ ਤਰ੍ਹਾਂ ਦੇ ਸਮਾਜਾਂ ਵਿੱਚ ਸਾਂਝੀ ਮਾਲਕੀ ਦੀ ਥਾਂ ਨਿੱਜੀ ਮਾਲਕੀ ਨੇ ਲੈ ਲਈ ਅਤੇ ਸਾਰੇ ਮਨੁੱਖਾਂ ਦੇ ਕੰਮ ਕਰਨ ਦੀ ਥਾਂ ਸਮਾਜ ਦਾ ਇੱਕ ਹਿੱਸਾ ਕੰਮ ਕਰਦਾ ਤੇ ਉਹੀ ਹਿੱਸਾ ਇੰਨਾ ਕੁਝ ਪੈਦਾ ਕਰ ਦਿੰਦਾ ਕਿ ਇਸ ਨਾਲ਼ ਕੰਮ ਨਾ ਕਰਨ ਵਾਲ਼ਿਆਂ ਦਾ ਵੀ ਗੁਜ਼ਾਰਾ ਹੋਣ ਲੱਗਾ (ਇਹ ਕੰਮ ਨਾ ਕਰਨ ਵਾਲ਼ਾ ਹਿੱਸਾ ਪੈਦਾਵਾਰ ਦੇ ਸਾਧਨਾਂ ਦਾ ਮਾਲਕ ਸੀ)। ਸਿੱਟੇ ਵਜੋਂ ਮਨੁੱਖਤਾ ਦੇ ਇੱਕ ਹਿੱਸੇ ਕੋਲ ਵਿਹਲਾ ਸਮਾਂ ਰਹਿਣ

ਲੱਗਾ। ਇਸ ਵਿਹਲੇ ਸਮੇਂ ਦੀ ਮਨੁੱਖਤਾ ਦੇ ਕੁਝ ਹਿੱਸੇ ਨੇ ਦਰਸ਼ਨ, ਵਿਚਾਰਧਾਰਾ, ਸਾਹਿਤ, ਕਲਾ, ਵਿਗਿਆਨ ਤੇ ਸਿਆਸਤ ਆਦਿ ਦੇ ਵਿਕਾਸ ਲਈ ਵਰਤੋਂ ਕੀਤੀ। ਕਿਉਂਕਿ ਦਿਮਾਗੀ ਕੰਮ ਮੁੱਖ ਰੂਪ 'ਚ ਮਾਲਕ ਜਮਾਤ ਜਾਂ ਉਸਦੀ ਛਤਰਛਾਇਆ ਥੱਲੇ ਕੰਮ ਕਰਨ ਵਾਲ਼ਿਆਂ ਦੁਆਰਾ ਕੀਤਾ ਜਾਂਦਾ ਹੈ, ਇਸ ਲਈ ਸਾਹਿਤ, ਕਲਾ, ਵਿਗਿਆਨ, ਸਿਆਸਤ, ਦਰਸ਼ਨ, ਵਿਚਾਰਧਾਰਾ ਦੀ ਵਰਤੋਂ ਵੀ ਮਾਲਕ ਜਮਾਤ ਵੱਲੋਂ ਗੈਰ-ਮਾਲਕ ਜਮਾਤ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਕੀਤੀ ਜਾਂਦੀ ਹੈ। ਮਾਲਕ ਜਮਾਤ ਰਾਜਸੱਤ੍ਹਾ ਦੇ ਰੂਪ 'ਚ ਸੰਗਠਿਤ ਹੁੰਦੀ ਹੈ ਜੋ ਗੈਰ-ਮਾਲਕਾਂ ਨੂੰ ਦਬਾ ਕੇ ਰੱਖਣ ਤੇ ਕਾਬੂ ਕਰਨ ਦਾ ਸਾਧਨ ਬਣ ਜਾਂਦੀ ਹੈ। ਦਰਸ਼ਨ, ਵਿਚਾਰਧਾਰਾ, ਸਾਹਿਤ, ਕਲਾ, ਵਿਗਿਆਨ ਤੇ ਸਿਆਸਤ ਅਤੇ ਰਾਜਸੱਤ੍ਹਾ ਦਾ ਰੂਪ ਕਿਹੋ-ਜਿਹਾ ਹੁੰਦਾ ਹੈ, ਇਹ ਮਾਲਕ ਜਮਾਤ ਕੌਣ ਹੈ, ਉਸਤੋਂ ਤੈਅ ਹੁੰਦਾ ਹੈ ਜੋ ਅੱਗੇ ਸਮਾਜ ਦੇ ਆਰਥਕ ਅਧਾਰ ਤੋਂ ਤੈਅ ਹੁੰਦਾ ਹੈ ਜਿਸਦੀ ਬੁਨਿਆਦ 'ਚ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦੀ ਆਪਸੀ ਅੰਤਰ-ਕਿਰਿਆ ਹੁੰਦੀ ਹੈ। ਜਿੰਨਾ ਚਿਰ ਜਮਾਤੀ ਸਮਾਜ ਰਹਿੰਦਾ ਹੈ, ਇਦਾਂ ਹੀ ਹੁੰਦਾ ਰਹਿੰਦਾ ਹੈ।

ਪਹਿਲਾ ਜਮਾਤੀ ਸਮਾਜ ਗੁਲਾਮਦਾਰੀ ਸਮਾਜ ਸੀ। ਜਿੰਨਾ ਚਿਰ ਗੁਲਾਮਦਾਰੀ ਸਮਾਜ ਦੇ ਪੈਦਾਵਾਰੀ ਸਬੰਧ ਪੈਦਾਵਰੀ ਤਾਕਤਾਂ ਦੇ ਅਗਲੇਰੇ ਵਿਕਾਸ ਦੇ ਅਨੁਕੂਲ ਰਹੇ ਇਹ ਕਾਇਮ ਰਿਹਾ ਅਤੇ ਜਦੋਂ ਇਹ ਰੁਕਾਵਟ ਬਣਨ ਲੱਗਾ ਤਾਂ ਇਸ ਦੀ ਥਾਂ ਜਗੀਰਦਾਰੀ ਪੈਦਾਵਾਰੀ ਸਬੰਧਾਂ ਨੇ ਲੈ ਲਈ ਜੋ ਅੱਗੇ ਜਾ ਕੇ ਇਸੇ ਕਾਰਨ ਕਰਕੇ ਸਰਮਾਏਦਾਰੀ ਸਬੰਧਾਂ 'ਚ ਬਦਲ ਗਏ। ਹੁਣ ਸਮਾਜ ਅਜਿਹੇ ਪੜਾਅ ਉੱਤੇ ਆ ਪਹੁੰਚਾ ਹੈ ਜਦੋਂ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਪੈਦਾਵਾਰੀ ਤਾਕਤਾਂ ਦੇ ਅਗਲੇਰੇ ਵਿਕਾਸ 'ਚ ਰੁਕਾਵਟ ਬਣ ਚੁੱਕੀ ਹੈ, ਇਸ ਲਈ ਨਿੱਜੀ ਮਾਲਕੀ ਦਾ ਖਾਤਮਾ ਕਰਕੇ ਸਾਂਝੀ ਮਾਲਕੀ ਦੀ ਮੁੜ ਸਥਾਪਤੀ ਦਾ ਪੜਾਅ ਆ ਗਿਆ ਹੈ ਪਰ ਇਹ ਮੁੱਢ-ਕਦੀਮੀ ਸਮਾਜ ਦੀ ਸਾਂਝੀ ਮਾਲਕੀ ਤੋਂ ਕਿਤੇ ਉੱਚੇ ਧਰਾਤਲ 'ਤੇ ਹੋਵੇਗੀ। ਪਰ ਪੈਦਾਵਾਰੀ ਤਾਕਤਾਂ ਤੇ ਪੈਦਾਵਾਰੀ ਸਬੰਧਾਂ ਦੀ ਇਹ ਆਪਸੀ ਅੰਤਰ-ਕਿਰਿਆ ਸਮਾਜ ਵਿੱਚ ਕਿਵੇਂ ਪ੍ਰਗਟ ਹੁੰਦੀ ਹੈ ? ਜਮਾਤਾਂ 'ਚ ਵੰਡੇ ਸਮਾਜ ਵਿੱਚ ਇਹ ਪ੍ਰਗਟਾਅ ਮਾਲਕ ਜਮਾਤ ਤੇ ਕੰਮ ਕਰਨ ਵਾਲ਼ੀ ਜਮਾਤ, ਉਦਾਹਰਨ ਵਜੋਂ ਗੁਲਾਮਦਾਰੀ ਸਮਾਜ ਅੰਦਰ ਗੁਲਾਮ-ਮਾਲਕਾਂ ਤੇ ਗੁਲਾਮਾਂ ਵਿਚਾਲੇ ਸੰਘਰਸ਼ ਦੇ ਰੂਪ 'ਚ, ਜਗੀਰਦਾਰੀ ਸਮਾਜ 'ਚ ਜਗੀਰਦਾਰ ਜਮਾਤ ਅਤੇ ਉੱਭਰ ਰਹੀ ਸਰਮਾਏਦਾਰ ਜਮਾਤ ਤੇ ਕਿਸਾਨੀ ਦੇ ਗੱਠਜੋੜ ਵਿਚਕਾਰ ਸੰਘਰਸ਼ ਦੇ ਰੂਪ 'ਚ ਅਤੇ ਸਰਮਾਏਦਾਰੀ ਸਮਾਜ ਅੰਦਰ ਸਰਮਾਏਦਾਰਾਂ ਤੇ ਮਜ਼ਦੂਰ ਜਮਾਤ ਦੇ ਵਿਚਾਲੇ ਸੰਘਰਸ਼ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਇਹ ਸੰਘਰਸ਼ ਸਿੱਧੀ ਲੜਾਈ ਦੇ ਰੂਪ 'ਚ ਫੁੱਟਣ ਤੋਂ ਪਹਿਲਾਂ ਸਿਆਸਤ, ਵਿਚਾਰਧਾਰਕ, ਦਰਸ਼ਨ, ਕਲਾ, ਸਾਹਿਤ ਤੇ ਵਿਗਿਆਨ ਦੇ ਖੇਤਰ 'ਚ ਲੜਿਆ ਜਾਂਦਾ ਹੈ। ਇਸ ਸੰਘਰਸ਼

ਦਾ ਨਤੀਜਾ ਜਾਂ ਤਾਂ ਨਵੇਂ ਪੈਦਾਵਰੀ ਸਬੰਧਾਂ ਦੀ ਨੁਮਾਇੰਦਗੀ ਕਰਨ ਵਾਲ਼ੀ ਜਮਾਤ ਦੀ ਜਿੱਤ ਵਿੱਚ ਹੁੰਦਾ ਹੈ ਤੇ ਪੈਦਾਵਾਰੀ ਤਾਕਤਾਂ ਦੇ ਹੋਰ ਵਿਕਾਸ ਲਈ ਰਸਤਾ ਖੁੱਲ ਜਾਂਦਾ ਹੈ। ਕਈ ਵਾਰ ਪੁਰਾਣੇ ਪੈਦਾਵਾਰੀ ਸੰਬੰਧਾਂ 'ਚ ਹਿਤ ਰੱਖਣ ਵਾਲ਼ੀ ਜਮਾਤ ਜਿੱਤ ਜਾਂਦੀ ਹੈ, ਅਤੇ ਨਵੇਂ-ਪੁਰਾਣੇ ਦੇ ਸੰਘਰਸ਼ ਦੇ ਨਵੇਂ ਚੱਕਰ ਦੇ ਸ਼ੁਰੂ ਹੋਣ ਤੱਕ ਅਜਿਹਾ ਸਮਾਜ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਅੰਤ 'ਚ ਨਤੀਜਾ ਜਾਂ ਤਾਂ ਨਵੇਂ ਦੀ ਜਿੱਤ 'ਚ ਨਿਕਲਦਾ ਹੈ ਜਾਂ ਫਿਰ ਦੋਹਾਂ ਜਮਾਤਾਂ ਦੀ ਬਰਬਾਦੀ ਤੇ ਸਮਾਜ ਦੇ ਪਤਨ 'ਚ ਨਿਕਲਦਾ ਹੈ। ਕਾਰਲ ਮਾਰਕਸ ਦੁਆਰਾ ਦਿੱਤਾ ਗਿਆ ਇਤਿਹਾਸਕ ਪਦਾਰਥਵਾਦ ਦਾ ਸਿਧਾਂਤ ਸੰਖੇਪ 'ਚ ਇਹੀ ਹੈ।

ਇਸ ਤਰ੍ਹਾਂ ਸਾਨੂੰ ਉਹਨਾਂ ਸਵਾਲਾਂ ਦੇ ਜਵਾਬ ਮਿਲਦੇ ਹਨ ਜਿਹੜੇ ਮਨੁੱਖੀ ਸਮਾਜ ਦੀਆਂ ਘਟਨਾਵਾਂ ਨੂੰ ਸਿਰਫ਼ ਲਿਖ ਦੇਣ ਨਾਲ਼ ਨਹੀਂ ਮਿਲਦੇ। ਸਾਨੂੰ ਪਤਾ ਚਲਦਾ ਹੈ ਕਿ ਇਤਿਹਾਸ ਦੀ ਚਾਲਕ ਸ਼ਕਤੀ ਮਨੁੱਖ ਦਾ ਕੁਦਰਤ ਨਾਲ਼ ਲਗਾਤਾਰ ਜ਼ਾਰੀ ਰਹਿਣ ਵਾਲ਼ਾ ਸੰਘਰਸ਼ ਹੈ ਜੋ ਜਮਾਤ-ਰਹਿਤ ਸਮਾਜ ਵਿੱਚ ਬਿਲਕੁਲ ਸਾਫ਼-ਸਾਫ਼ ਦਿਖਾਈ ਦਿੰਦਾ ਹੈ ਪਰ ਜਮਾਤਾਂ 'ਚ ਵੰਡੇ ਸਮਾਜ ਵਿੱਚ ਮਨੁੱਖ ਤੇ ਕੁਦਰਤ ਦੇ ਸੰਘਰਸ਼ 'ਤੇ ਜਮਾਤਾਂ ਦੇ ਆਪਸੀ ਸੰਘਰਸ਼ ਦਾ ਪਰਦਾ ਪੈ ਜਾਂਦਾ ਹੈ। ਜਮਾਤੀ ਸਮਾਜ 'ਚ ਮਨੁੱਖ ਤੇ ਕੁਦਰਤ ਵਿਚਕਾਰ ਸੰਘਰਸ਼ ਵਿੱਚ ਮਨੁੱਖ ਤਾਂ ਹੀ ਅੱਗੇ ਵਧ ਸਕਦਾ ਹੈ ਜੇ ਉਹ ਜਮਾਤੀ ਸੰਘਰਸ਼ 'ਚ ਹਿੱਸਾ ਲੈਂਦਾ ਹੈ ਤੇ ਇਸ ਸੰਘਰਸ਼ ਵਿੱਚ ਸਮਾਜ ਨੂੰ ਵਿਕਾਸ ਦੇ ਨਵੇਂ ਤੇ ਉੱਚੇ ਧਰਾਤਲ 'ਤੇ ਲੈ ਜਾਣ 'ਚ ਸਮਰੱਥ ਜਮਾਤ ਜੇਤੂ ਹੋ ਕੇ ਨਿਕਲਦੀ ਹੈ। ਇਸ ਤਰ੍ਹਾਂ ਖੁਦ ਮਨੁੱਖੀ ਲੋਕ-ਸਮੂਹ ਹਨ ਜਿਹੜੇ ਆਪਣਾ ਇਤਿਹਾਸ ਬਣਾਉਂਦੇ ਹਨ ਨਾ ਕਿ ਕੁਝ ਵਿਅਕਤੀ ਜਾਂ ਕੋਈ ਬਾਹਰੀ ਸ਼ਕਤੀ। ਇਹ ਸਾਰਾ ਕੁਝ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦੀ ਅੰਤਰ-ਕਿਰਿਆ ਦੇ ਦਾਇਰੇ ਦੇ ਅੰਦਰ ਰਹਿ ਕੇ ਹੁੰਦਾ ਹੈ। ਇਸ ਤਰ੍ਹਾਂ ਸਾਨੂੰ ਉਹ ਨਿਯਮ ਵੀ ਲੱਭ ਜਾਂਦਾ ਹੈ ਜਿਹੜਾ ਮਨੁੱਖੀ ਇਤਿਹਾਸ ਨੂੰ ਦਿਸ਼ਾ ਦਿੰਦਾ ਹੈ - ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ ਦਾ ਆਪਸੀ ਸੁਰਮੇਲ ਤੇ ਪੈਦਾਵਾਰੀ ਤਾਕਤਾਂ ਦਾ ਵਿਕਾਸ ➢ ਪੈਦਾਵਰੀ ਸੰਬੰਧਾਂ ਤੇ ਪੈਦਾਵਾਰੀ ਤਾਕਤਾਂ 'ਚ ਵਿਰੋਧਤਾਈ ➢ ਪੈਦਾਵਾਰੀ ਸਬੰਧਾਂ 'ਚ ਬਦਲਾਅ ਅਤੇ ਨਵੇਂ ਤੇ ਉੱਚੇ ਧਰਾਤਲ 'ਤੇ ਪੈਦਾਵਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ 'ਚ ਨਵਾਂ ਸੁਰਮੇਲ, ਪੈਦਾਵਾਰੀ ਤਾਕਤਾਂ ਦਾ ਵਿਕਾਸ ➢ ਪੈਦਾਵਾਰੀ ਸਬੰਧਾਂ ਤੇ ਪੈਦਾਵਾਰੀ ਤਾਕਤਾਂ 'ਚ ਫਿਰ ਵਿਰੋਧਤਾਈ — ਇਹ ਉਹ ਨਿਯਮ ਹੈ ਜਿਸ ਦੇ ਦਾਇਰੇ 'ਚ ਮਨੁੱਖੀ ਸਮਾਜ ਅੱਗੇ ਵਧਦਾ ਜਾਂਦਾ ਹੈ ਅਤੇ ਇਹ ਮਨੁੱਖ ਦੀ ਇੱਛਾ ਤੋਂ ਅਜ਼ਾਦ ਹੈ। ਇਸ ਤਰ੍ਹਾਂ ਮਾਰਕਸ ਦਾ ਸਿਧਾਂਤ ਮਨੁੱਖਤਾ ਨੂੰ ਆਪਣੇ ਇਤਿਹਾਸ ਦੀ ਇਕਸਾਰ ਸਮਝ ਤੋਂ ਜਾਣੂ ਕਰਵਾਉਂਦਾ ਹੈ, ਉਸਨੂੰ ਇਤਿਹਾਸ ਅੱਗੇ ਲਿਜਾਣ ਵਾਲ਼ੀਆਂ ਚਾਲਕ ਸ਼ਕਤੀਆਂ ਬਾਰੇ ਦੱਸਦਾ ਹੈ ਅਤੇ ਇਤਿਹਾਸ ਦੇ ਵਿਕਾਸ ਦੇ ਨਿਯਮ ਦੱਸਦਾ ਹੈ ਜਿਸ ਨੂੰ ਹੁਣ ਮਨੁੱਖ ਸਚੇਤਨ ਤੌਰ 'ਤੇ ਇਸਤੇਮਾਲ ਕਰਕੇ ਆਪਣੇ ਵਿਕਾਸ ਨੂੰ ਦਿਸ਼ਾ ਦੇ ਸਕਦਾ

ਹੈ।

ਮਨੁੱਖੀ ਇਤਿਹਾਸ ਬਾਰੇ ਇੰਨਾ ਕੁ ਜਾਣਨ ਤੋਂ ਬਾਅਦ ਹੁਣ ਅਸੀਂ ਇੱਕ ਵਾਰ ਫਿਰ ਕਪੂਰ ਹੁਰਾਂ ਦੀ ਇਤਿਹਾਸ ਦੀ ਵੰਡ ਵੱਲ ਚਲਦੇ ਹਾਂ।ਉਹਨਾਂ ਦੀ ਵਿਧੀ 'ਚ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਹ ਮਨੁੱਖੀ ਇਤਿਹਾਸ ਦੇ ਬਹੁਤ ਹੀ ਅਹਿਮ ਪੜਾਵਾਂ ਨੂੰ ਗੋਲ ਕਰ ਜਾਂਦੀ ਹੈ।ਜਿਵੇਂ ਅੱਜ ਦਾ ਮਨੁੱਖੀ ਸਮਾਜ ਜਮਾਤਾਂ 'ਚ ਵੰਡਿਆ ਹੋਇਆ ਸਮਾਜ ਹੈ, ਇਹ ਜਮਾਤਾਂ ਕਿਸ ਤਰ੍ਹਾਂ ਤੇ ਕਿਸ ਸਮੇਂ ਮਨੁੱਖੀ ਸਮਾਜ 'ਚ ਹੋਂਦ ਵਿੱਚ ਆਈਆਂ ਅਤੇ ਮਨੁੱਖੀ ਸਮਾਜ ਕਦੋਂ ਜਮਾਤਾਂ ਵਿੱਚ ਵੰਡਿਆ ਗਿਆ, ਇਸ ਬਾਰੇ ਕਪੂਰ ਹੁਰਾਂ ਦਾ ਸਿਧਾਂਤ ਉੱਕਾ ਹੀ ਚੁੱਪ ਹੈ, ਜਮਾਤੀ ਸੰਘਰਸ਼ ਦੀ ਤਾਂ ਗੱਲ ਹੀ ਕੀ ਕਰਨੀ ਸੀ।ਦੂਜਾ, ਇਹ ਵਿਧੀ ਮਨੁੱਖਾਂ ਦੇ ਆਪਸੀ ਸਬੰਧਾਂ ਦੀ ਕੋਈ ਗੱਲ ਹੀ ਨਹੀਂ ਕਰਦੀ ਜਿਸ ਕਾਰਨ ਕਿਸੇ ਵੀ ਮਨੁੱਖੀ ਸਮਾਜ ਦੇ ਆਰਥਕ ਢਾਂਚੇ ਤੇ ਨਾਲ਼ ਹੀ ਸਿਆਸੀ-ਸਮਾਜਿਕ ਢਾਂਚੇ ਦਾ ਅਧਿਐਨ ਕਰਨ ਦੇ ਬਿਲਕੁਲ ਹੀ ਯੋਗ ਨਹੀਂ ਹੈ।ਜਿਵੇਂ ਉਹਨਾਂ ਦਾ "ਖੇਤੀਯੁੱਗ" 11,800 ਸਾਲ ਤੱਕ ਜਾਰੀ ਰਹਿੰਦਾ ਹੈ, ਪਰ ਕਿਉਂਕਿ ਉਹਨਾਂ ਅਨੁਸਾਰ ਇਹ ਪੂਰਾ ਯੁੱਗ ਪਸ਼ੂ-ਬਲ 'ਤੇ ਅਧਾਰਤ ਹੈ ਇਸ ਲਈ ਇਸ ਵਿੱਚ ਕੋਈ ਵੱਡੇ ਪਛਾਣਯੋਗ ਬਦਲਾਅ ਨਹੀਂ ਆਏ।ਜਦੋਂ ਕਿ ਇਤਿਹਾਸ ਦੀ ਪੜ੍ਹਾਈ ਇਸ ਗੱਲ ਨੂੰ ਮੂਲੋਂ ਹੀ ਰੱਦ ਕਰਦੀ ਹੈ ਜੋ ਸਾਨੂੰ ਦੱਸਦੀ ਹੈ ਕਿ ਇਸ ਸਮੇਂ ਦੌਰਾਨ ਮਨੁੱਖ ਕਿੰਨਿਆਂ ਦੌਰਾਂ 'ਚੋਂ ਗੁਜ਼ਰਿਆ ਤੇ ਵਿਕਸਤ ਹੋਇਆ।ਪਰ ਕਿਉਂਕਿ ਕਪੂਰ ਸਾਬ੍ਹ ਹੁਰਾਂ ਲਈ ਪਸ਼ੂ-ਬਲ ਤੇ ਖੇਤੀਯੁੱਗ ਤੋਂ ਪਰ੍ਹੇ ਕੁਝ ਹੈ ਹੀ ਨਹੀਂ, ਇਸ ਲਈ ਉਹ ਇਹਨਾਂ ਬਦਲਾਵਾਂ ਤੋਂ ਇਨਕਾਰੀ ਹੋ ਜਾਂਦੇ ਹਨ। ਇਸੇ ਤਰ੍ਹਾਂ ਦਾ ਕੁਝ ਉਹ ਉਦਯੋਗਕ ਯੁੱਗ ਦੀ ਗੱਲ ਕਰਨ ਲੱਗਿਆਂ ਕਰਦੇ ਹਨ, ਉਹਨਾਂ ਲਈ ਆਪਣਾ "ਮਕਾਨਕੀ ਬਲ" ਦਾ ਜੁਮਲਾ ਤੇ "ਉਦਯੋਗਿਕ ਯੁੱਗ" ਹੀ ਸਭ ਕੁਝ ਹੈ, ਨਤੀਜਾ ਉਹਨਾਂ ਨੂੰ ਇਸ ਯੁੱਗ ਜਿਸਨੂੰ ਸਹੀ ਤਰੀਕੇ ਨਾਲ਼ ਸੰਬੋਧਿਤ ਹੋਇਆ ਜਾਵੇ ਤਾਂ ਸਰਮਾਏਦਾਰੀ ਯੁੱਗ ਕਿਹਾ ਜਾਣਾ ਚਾਹੀਦਾ ਹੈ, ਵਿੱਚ ਜਮਾਤਾਂ, ਜਮਾਤੀ ਸੰਘਰਸ਼ ਬਿਲਕੁਲ ਹੀ ਦਿਖਾਈ ਨਹੀਂ ਦਿੰਦਾ।ਉਹਨਾਂ ਦੀ ਭਵਿੱਖ ਦੀ ਦਿਸ਼ਾ ਹੈ, ਸੂਰਜੀ ਊਰਜਾ ਦੀ ਵਰਤੋਂ ਦਾ ਯੁੱਗ ਪਰ ਇਸ ਨਾਲ਼ ਉਦਯੋਗਿਕ ਯੁੱਗ ਬਦਲ ਕੇ ਕੋਈ ਨਵਾਂ ਯੁੱਗ ਸ਼ੁਰੂ ਹੋਵੇਗਾ ਜਾਂ ਇਹੀ ਯੁੱਗ ਜਾਰੀ ਰਹੇਗਾ, ਇਸ ਬਾਰੇ ਉਹ ਫਿਰ ਚੁੱਪ-ਗੜੁੱਪ ਹਨ।ਅਸਲ ਵਿੱਚ ਉਹ ਚੁੱਪ-ਗੜੁੱਪ ਹੋਣ ਤੋਂ ਇਲਾਵਾ ਕੁਝ ਕਰ ਵੀ ਨਹੀਂ ਸਕਦੇ। ਕਿਉਂਕਿ ਉਹਨਾਂ ਦੀ ਪੂਰੀ ਵਿਧੀ ਹੀ ਗੈਰ-ਇਤਿਹਾਸਕ ਤੇ ਗੈਰ-ਵਿਗਿਆਨਕ ਹੈ ਇਸ ਲਈ ਭਵਿੱਖ ਦੀ ਦਿਸ਼ਾ ਨੂੰ ਸਮਝਣਾ ਉਹਨਾਂ ਦੇ ਵੱਸ ਦੀ ਗੱਲ ਹੈ ਹੀ ਨਹੀਂ।ਸੂਰਜੀ ਊਰਜਾ ਦੀ ਊਰਜਾ ਦੇ ਮੁੱਖ ਸ੍ਰੋਤ ਦੇ ਤੌਰ 'ਤੇ ਵਰਤੋਂ ਨਾਲ਼ ਖੇਤੀ (ਇਸ ਵਿੱਚ ਪਸ਼ੂ-ਪਾਲਣ ਤੇ ਮੱਛੀ-ਪਾਲਣ ਸ਼ਾਮਲ ਹੈ) ਤੇ ਉਦਯੋਗ ਤੋਂ ਬਿਨਾਂ ਹੋਰ ਕਿਹੜਾ ਨਵਾਂ ਪੈਦਾਵਾਰ ਦਾ ਖੇਤਰ ਪੈਦਾ ਹੋਵੇਗਾ ਇਹ ਤਾਂ ਕਪੂਰ ਸਾਬ੍ਹ ਹੀ ਜਾਣਨ ਕਿਉਂਕਿ ਇਹਨਾਂ ਦੋ ਖੇਤਰਾਂ ਤੋਂ ਬਿਨਾਂ (ਜੇ ਅਸੀਂ

ਮੁੱਢਲੇ ਸ਼ਿਕਾਰ ਦੇ ਤਰੀਕੇ ਨੂੰ ਛੱਡ ਦਈਏ) ਪੈਦਾਵਰ ਦਾ ਹੋਰ ਕੋਈ ਖੇਤਰ ਅੱਜ ਤੱਕ ਕੋਈ ਵਿਗਿਆਨੀ ਸੁਝਾ ਨਹੀਂ ਸਕਿਆ। ਸ਼ਾਇਦ ਉਹ ਆਪਣੇ ਬਹੁਤ ਸਾਰੇ ਬੁੱਧੀਮਾਨ ਸੰਗੀਆਂ ਵਾਂਗ 'ਸੇਵਾ ਖੇਤਰ' ਜਾਂ 'ਦਿਮਾਗੀ ਕਿਰਤ' ਦੇ ਖੇਤਰ ਜਿਹਾ ਕੁਝ ਸੁਝਾਉਣ, ਪਰ ਸੇਵਾ ਖੇਤਰ ਉਦਯੋਗ ਦੀ ਬੁਨਿਆਦ 'ਤੇ ਖੜ੍ਹਾ ਹੈ ਅਤੇ ਉਦਯੋਗ ਤੋਂ ਬਿਨਾਂ ਇਸਦੀ ਕੋਈ ਹੋਂਦ ਨਹੀਂ ਹੋ ਸਕਦੀ। 'ਦਿਮਾਗੀ ਕਿਰਤ' ਦਾ ਖੇਤਰ ਮਨੁੱਖ ਨਾਲ਼ ਬਹੁਤ ਪਹਿਲਾਂ ਦਾ ਜੁੜ ਚੁੱਕਿਆ ਹੈ, ਤੇ ਕੁਝ ਵੀ ਪੈਦਾਵਾਰ ਕੀਤੇ ਤੋਂ ਬਿਨਾਂ ਨਿਰੋਲ 'ਦਿਮਾਗੀ ਕਿਰਤ' ਸੰਭਵ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਉਹਨਾਂ ਨੂੰ ਇਹ ਸੁਪਨਾ ਆਇਆ ਹੋਵੇ ਕਿ ਸੂਰਜੀ ਊਰਜਾ ਦੇ ਯੁੱਗ ਵਿੱਚ ਮਨੁੱਖ ਕੁਝ ਵੀ ਪੈਦਾ ਕਰਨ ਦੀ ਥਾਂ ਧੁੱਪ 'ਚ ਬੈਠਿਆ ਕਰਨਗੇ ਕਿਉਂਕਿ ਉਹਨਾਂ ਦੇ ਸਰੀਰ ਨੂੰ ਕਿਸੇ ਖੁਰਾਕ ਦੀ ਲੋੜ ਨਹੀਂ ਰਹੇਗੀ ਉਹ ਤਾਂ ਬਸ ਆਪਣੀਆਂ "ਬੈਟਰੀਆਂ" ਚਾਰਜ ਕਰ ਕੇ ਚਿੰਤਨ ਕਰਨ ਬੈਠ ਜਾਇਆ ਕਰਨਗੇ!! ਪਰ ਇੱਥੇ ਫਿਰ ਇੱਕ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਮਨੁੱਖ ਦਾ ਚਿੰਤਨ ਤਾਂ ਉਸਦੀ ਪੈਦਾਵਾਰੀ ਸਰਗਰਮੀ ਨਾਲ਼ ਜੁੜਿਆ ਹੈ, ਫਿਰ ਜਦੋਂ ਪੈਦਾਵਾਰ ਹੀ ਨਹੀਂ ਹੋਵੇਗੀ ਤਾਂ ਚਿੰਤਨ ਕਿਵੇਂ ਹੋਵੇਗਾ ਜਾਂ ਕੀ ਹੋਵੇਗਾ!!

ਉਹਨਾਂ ਦੁਆਰਾ "ਮਕਾਨਕੀ ਬਲ" ਦੇ ਸ਼ਬਦਾਂ ਦਾ ਬਹੁਤ ਕੱਚ-ਘਰੜ ਢੰਗ ਨਾਲ਼ ਤੇ ਭੌਤਿਕ ਵਿਗਿਆਨ ਤੋਂ ਅਨਜਾਣ ਵਿਅਕਤੀ ਵਾਂਗ ਵਰਤਿਆ ਗਿਆ ਹੈ। ਮਨੁੱਖ ਜਦੋਂ ਆਪਣੇ ਸਰੀਰਕ ਬਲ ਨਾਲ਼ ਸੰਦਾਂ ਨੂੰ ਗਤੀ 'ਚ ਲਿਆ ਕੇ ਕੁਝ ਕੱਟਦਾ ਸੀ ਜਾਂ ਜਾਨਵਰਾਂ ਨੂੰ ਮਾਰਨ ਲਈ ਸੰਦਾਂ ਨੂੰ ਵਰਤਦਾ ਸੀ, ਉਸ ਸਮੇਂ ਵੀ "ਮਕਾਨਕੀ ਬਲ" ਨੂੰ ਹੀ ਵਰਤ ਰਿਹਾ ਹੁੰਦਾ ਸੀ। ਉਸ ਸਮੇਂ ਮਨੁੱਖ ਦੇ ਪੱਠਿਆਂ 'ਚ ਮੌਜੂਦ ਖੁਰਾਕੀ ਤੱਤ ਰਸਾਇਣਕ ਕਿਰਿਆਵਾਂ ਰਾਹੀਂ ਪੱਠਿਆਂ 'ਚ ਹਰਕਤ ਪੈਦਾ ਕਰ ਰਹੇ ਹੁੰਦੇ ਸਨ (ਅੱਜ ਦੇ ਮਨੁੱਖ 'ਚ ਇਹ ਕਿਰਿਆਵਾਂ ਉਂਝ ਹੀ ਹੁੰਦੀਆਂ ਹਨ) ਤੇ ਇਸ ਹਰਕਤ ਤੋਂ ਪੈਦਾ ਹੋਇਆ ਬਲ ਮਕਾਨਕੀ ਬਲ ਹੀ ਹੁੰਦਾ ਸੀ। ਪਸ਼ੂਆਂ ਦੇ ਮਾਮਲੇ 'ਚ ਵੀ ਇਹੀ ਲਾਗੂ ਹੁੰਦਾ ਹੈ। ਇਸ ਲਈ ਇਹ ਕਹਿਣਾ ਕਿ "ਮਕਾਨਕੀ ਬਲ" ਉਦਯੋਗਿਕ ਯੁੱਗ ਦੀ ਕੋਈ ਅੱਡਰੀ ਖਾਸੀਅਤ ਹੈ, ਉੱਕਾ ਹੀ ਨਾਕਾਫ਼ੀ ਹੈ। ਦੂਜਾ, ਖੇਤੀ ਦੀ ਸ਼ੁਰੂਆਤ ਦਾ ਮਨੁੱਖ ਦੁਆਰਾ ਪਸ਼ੂ-ਬਲ ਦੀ ਵਰਤੋਂ ਨਾਲ਼ ਉੱਕਾ ਹੀ ਕੋਈ ਸਬੰਧ ਨਹੀਂ। ਖੇਤੀ 'ਚ ਪਸ਼ੂਆਂ ਦੀ ਵਰਤੋਂ ਕਾਫ਼ੀ ਬਾਅਦ 'ਚ ਜਾ ਕੇ ਸ਼ੁਰੂ ਹੋਈ, ਜਦੋਂ ਲੱਕੜ ਦੇ ਹਲ ਦੀ ਖੋਜ ਹੋਈ ਅਤੇ ਇਹ 3,500 ਈ.ਪੂ. ਦੇ ਕਰੀਬ ਮੈਸੋਪਟਾਮੀਆ ਤੇ ਪੋਲੈਂਡ 'ਚ ਲਗਭਗ ਇੱਕੋ ਸਮੇਂ ਹੋਇਆ। ਵੈਸੇ ਊਰਜਾ ਦੀਆਂ ਕਿਸਮਾਂ ਦੀ ਗੱਲ ਕਰਦੇ ਹੋਏ ਕਪੂਰ ਹੁਰਾਂ ਨੇ ਤਾਪ-ਊਰਜਾ (ਅੱਗ ਦੇ ਰੂਪ 'ਚ) ਦੀ ਮਨੁੱਖ ਦੁਆਰਾ ਵਰਤੋਂ ਨੂੰ ਯੁੱਗ-ਪਲਟਾਊ ਘਟਨਾਵਾਂ 'ਚ ਗਿਣਨਾ ਪਤਾ ਨਹੀਂ ਕਿਉਂ ਜ਼ਰੂਰੀ ਨਹੀਂ ਸਮਝਿਆ! (ਸ਼ਾਇਦ ਇਹ ਉਹਨਾਂ ਦੇ ਚੌਖਟੇ 'ਚ ਅੜਿੱਕਾ ਡਾਹ ਰਹੀ ਸੀ!) ਉਹਨਾਂ ਅਨੁਸਾਰ ਖੇਤੀਯੁੱਗ ਤੋਂ

ਬਾਅਦ ਉਦਯੋਗਿਕ ਯੁੱਗ ਆਉਂਦਾ ਹੈ, ਭਾਵ 10,000 ਈ.ਪੂ. ਤੋਂ ਲੈ ਕੇ 18ਵੀਂ ਸਦੀ ਈਸਵੀ ਤੱਕ ਇਹੀ "ਯੁੱਗ" ਰਿਹਾ!! ਮਨੁੱਖੀ ਸਮਾਜ ਇੱਕ ਟੱਪਰੀਵਾਸ ਕਬੀਲਿਆਂ ਤੋਂ ਟਿੱਕ ਕੇ ਰਹਿਣ ਵਾਲ਼ੇ ਕਬੀਲਿਆਂ 'ਚ, ਫਿਰ ਸਮਾਜ 'ਚ ਕਈ ਤਰ੍ਹਾਂ ਦੀ ਕਿਰਤ ਵੰਡ ਦਾ ਪੈਦਾ ਹੋਣਾ, ਸਮਾਜ ਦਾ ਜਮਾਤਾਂ 'ਚ ਵੰਡਿਆ ਜਾਣਾ ਤੇ ਰਾਜ ਦੀ ਉਤਪਤੀ ਹੋਣਾ, ਸਮਾਜ ਦਾ ਗੁਲਾਮਦਾਰੀ ਸਮਾਜ ਤੇ ਜਗੀਰਦਾਰੀ ਸਮਾਜ ਦੇ ਪੜਾਵਾਂ 'ਚੋਂ ਲੰਘਦੇ ਹੋਏ ਸਰਮਾਏਦਾਰਾ ਦੌਰ 'ਚ ਦਾਖਿਲ ਹੋਣਾ, ਇਹ ਸਭ ਕੁਝ ਕਪੂਰ ਸਾਬ੍ਹ ਹੁਰਾਂ ਲਈ ਕੋਈ ਯੁੱਗ ਪਲਟਾਊ ਘਟਨਾਵਾਂ ਤਾਂ ਛੱਡੋ, "ਪਛਾਣਯੋਗ" ਘਟਨਾਵਾਂ ਵੀ ਹੀ ਨਹੀਂ ਹਨ!! ਆਪਣੀ ਊਰਜਾ ਥਿਊਰੀ 'ਚ ਇੰਨਾ ਉਲਝ ਜਾਂਦੇ ਹਨ ਕਿ ਇਸ ਬੇਤੁਕੇ ਨਤੀਜੇ 'ਤੇ ਜਾ ਪਹੁੰਚਦੇ ਹਨ - "ਉਨੀਵੀਂ ਸਦੀ ਦੇ ਅੱਧ ਤੱਕ ਸੰਸਾਰ 'ਚ ਅਮੀਰੀ-ਗਰੀਬੀ ਦਾ ਪਾੜਾ ਨਹੀਂ ਸੀ। ਇਹ ਪਾੜਾ ਉਦਯੋਗਿਕ ਯੁੱਗ ਤੇ ਪੂੰਜੀਵਾਦੀ ਪ੍ਰਬੰਧ ਦੀ ਦੇਣ ਹੈ।" ਇਹ ਹੈ ਕਪੂਰ ਹੁਰਾਂ ਦਾ ਮਨੁੱਖੀ ਸਮਾਜ ਦੇ ਇਤਿਹਾਸ ਦਾ ਗਿਆਨ, ਇੰਝ ਲੱਗਦਾ ਹੈ ਕਿ ਜਿਵੇਂ ਕੋਈ ਹੁਣੇ-ਹੁਣੇ ਬੋਲਣਾ ਸਿੱਖਿਆ ਹੋਵੇ ਤੇ ਇਸੇ ਚਾਅ 'ਚ ਜੋ ਮੂੰਹ ਆਇਆ ਬੋਲ ਦਿੱਤਾ ਕਿਉਂਕਿ ਇੱਕ ਵਿਦਵਾਨ ਆਦਮੀ, ਯੂਨੀਵਰਸਿਟੀ 'ਚੋਂ ਪ੍ਰੋਫੈਸਰ ਰਿਟਾਇਰ ਹੋਇਆ ਵਿਅਕਤੀ ਅਜਿਹੀ ਵਾਹਯਾਤ ਗੱਲ ਭੁੱਲ ਕੇ ਵੀ ਨਹੀਂ ਲਿਖ ਸਕਦਾ। ਇੱਕ ਹੋਰ ਥਾਂ ਉਹ ਲਿਖਦੇ ਹਨ - "...ਉਦਯੋਗਿਕ ਯੁੱਗ ਵਿਗਿਆਨ ਅਤੇ ਮਨੁੱਖ ਕੇਂਦਰਤ ਹੈ।" ਉਦਯੋਗਿਕ ਯੁੱਗ ਜੋ ਅਸਲ 'ਚ ਸਰਮਾਏਦਾਰਾ ਸਮਾਜ ਹੈ, ਨਾ ਤਾਂ ਵਿਗਿਆਨ ਕੇਂਦਰਤ ਹੈ ਤੇ ਨਾ ਹੀ ਮਨੁੱਖ ਕੇਂਦਰਤ ਹੈ। ਇਸਦਾ ਕੇਂਦਰ ਬਿੰਦੂ ਇੱਕੋ ਹੈ - ਮੁਨਾਫ਼ਾ ਤੇ ਹੋਰ ਜ਼ਿਆਦਾ ਮੁਨਾਫ਼ਾ। ਇਸ ਲਈ ਉਹ ਵਿਗਿਆਨ ਦਾ ਇਸਤੇਮਾਲ ਕਰਦਾ ਹੈ ਤੇ ਇਸੇ ਵਜਾਹ ਕਾਰਨ ਉਹ ਵਿਗਿਆਨ ਦਾ ਵਿਕਾਸ ਕਰਦਾ ਹੈ ਤੇ ਜਿੱਥੇ ਵਿਗਿਆਨ ਦੇ ਵਿਕਾਸ ਨਾਲ਼ ਸਰਮਾਏਦਾਰਾਂ ਦੇ ਮੁਨਾਫ਼ੇ 'ਤੇ ਸੱਟ ਲੱਗਦੀ ਹੈ, ਵਿਗਿਆਨ ਦਾ ਵਿਕਾਸ ਰੁਕ ਵੀ ਜਾਂਦਾ ਹੈ। ਵਿਗਿਆਨ ਨੂੰ ਆਮ ਲੋਕਾਂ ਤੱਕ ਲੈ ਕੇ ਜਾਣਾ ਤੇ ਉਹਨਾਂ ਨੂੰ ਸਿੱਖਿਅਤ ਸ਼ਹਿਰੀ ਬਣਾਉਣਾ ਸਰਮਾਏਦਾਰੀ ਦਾ ਕਦੇ ਵੀ ਮਕਸਦ ਨਹੀਂ ਰਿਹਾ। ਮਨੁੱਖ ਤਾਂ ਇਸ ਪ੍ਰਬੰਧ ਦੀ ਕਿਸੇ ਗਿਣਤੀ-ਮਿਣਤੀ 'ਚ ਹੈ ਹੀ ਨਹੀਂ ਹੈ। 80% ਅਬਾਦੀ ਦੀ ਬਦਹਾਲ ਜ਼ਿੰਦਗੀ, ਲਗਾਤਾਰ ਚੱਲਦੀਆਂ ਜੰਗਾਂ ਤੇ ਭਿਅੰਕਰ ਤਬਾਹੀ ਤੇ ਮਨੁੱਖੀ ਜਾਨਾਂ ਦੀ ਬਲੀ, ਪਰਮਾਣੂ ਜੰਗ ਦਾ ਖਤਰਾ, ਅਤੇ ਹੁਣ ਗਲੋਬਲ ਵਾਰਮਿੰਗ ਤੇ ਵਾਤਵਰਣ ਦੀ ਤਬਾਹੀ ਕਾਰਨ ਮਨੁੱਖਤਾ ਤੇ ਧਰਤੀ ਦੀ ਸਲਾਮਤੀ ਨੂੰ ਹੀ ਖੜਾ ਹੋਇਆ ਖਤਰਾ, ਇਹ ਸਭ ਕੁਝ ਹੈ ਜੋ ਸਰਮਾਏਦਾਰੀ ਕੋਲ ਅੱਜ ਦੇ ਸਮੇਂ ਮਨੁੱਖਤਾ ਨੂੰ ਦੇਣ ਲਈ ਹੈ। ਪਰ ਇਹ ਸਾਰਾ ਕੁਝ ਲੇਖਕ ਨੂੰ ਦਿਖਿਆ ਹੀ ਨਹੀਂ ਕਿਉਂਕਿ ਉਹ ਤਾਂ "ਉਦਯੋਗਿਕ ਯੁੱਗ" ਤੇ "ਮਕਾਨਕੀ ਬਲ" ਜਿਹੇ ਜੁਮਲਿਆਂ ਤੋਂ ਅੱਗੇ ਅੱਖਾਂ ਬੰਦ ਕਰ ਲੈਂਦੇ ਹਨ। ਇਸ ਤਰ੍ਹਾਂ ਲੇਖਕ ਪੂਰੀ ਤਰ੍ਹਾਂ ਸਰਮਾਏਦਾਰੀ ਦੇ ਕੌਲੀਚੱਟ ਬੁੱਧੀਜੀਵੀਆਂ ਦੁਆਰਾ

ਸਰਮਾਏਦਾਰੀ ਨੂੰ ਇੱਕ ਆਦਰਸ਼ ਬਣਾ ਕੇ ਪੇਸ਼ ਕਰਨ ਦੇ ਲਗਾਤਾਰ ਚੱਲਦੇ ਪ੍ਰਾਪੇਗੰਡੇ ਦਾ ਸ਼ਿਕਾਰ ਹਨ। ਲੇਖ ਦੇ ਅੰਤ ਵਿੱਚ ਉਹ ਲਿਖਦੇ ਹਨ - ਸੂਰਜੀ ਊਰਜਾ ਨਾਲ਼ ਵਿਕਾਸ ਚੰਗੇਰਾ, ਸੁਖਾਵਾਂ ਤੇ ਪ੍ਰਦੂਸ਼ਣ ਰਹਿਤ ਹੋਵੇਗਾ। ਪਰ ਅਮੀਰੀ-ਗਰੀਬੀ ਰਹੇਗੀ ਜਾਂ ਨਹੀਂ, ਜਮਾਤਾਂ ਹੋਣਗੀਆਂ ਜਾਂ ਨਹੀਂ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹੇਗੀ ਜਾਂ ਨਹੀਂ, ਮੁੱਠੀ ਭਰ ਅਮੀਰਾਂ ਦੀ ਬਹੁਗਿਣਤੀ ਕਿਰਤੀ ਗਰੀਬਾਂ 'ਤੇ ਤਾਨਾਸ਼ਾਹੀ ਰਹੇਗੀ ਜਾਂ ਨਹੀਂ, ਇਹਨਾਂ ਸਵਾਲਾਂ ਦਾ ਜੋ ਵੱਡੀ ਬਹੁਗਿਣਤੀ ਦੇ ਸਵਾਲ ਹਨ ਦਾ ਜਵਾਬ ਦੇਣ ਦੀ ਥਾਂ ਪਾਠਕ ਦੇ ਹੱਥ ਇਹ ਛੁਣਛੁਣਾ ਫੜਾ ਦਿੱਤਾ ਜਾਂਦਾ ਹੈ – "ਸੂਰਜੀ ਊਰਜਾ ਨਾਲ਼ ਵਿਕਾਸ ਚੰਗੇਰਾ, ਸੁਖਾਵਾਂ ਤੇ ਪ੍ਰਦੂਸ਼ਣ ਰਹਿਤ ਹੋਵੇਗਾ।" ਉਹ ਇਹ ਵੀ ਲਿਖਦੇ ਹਨ - "ਵਿਸ਼ਵ ਪੱਧਰ 'ਤੇ ਪਰਿਵਰਤਨ ਦੀਆਂ ਇਹ ਨਿਸ਼ਾਨੀਆਂ ਆਲੇ-ਦੁਆਲੇ ਉੱਭਰਨ ਲੱਗ ਪਈਆਂ ਹਨ।" ਇਹ ਕਿਹੜੀਆਂ ਨਿਸ਼ਾਨੀਆਂ ਹਨ, ਕੋਈ ਪਤਾ ਨਹੀਂ। ਸੂਰਜੀ ਊਰਜਾ ਦਾ ਇਸਤੇਮਾਲ ਸਰਮਾਏਦਾਰੀ ਵੀ ਕਰੇਗੀ, ਬਸ ਇਸਦੀ ਵਰਤੋਂ 'ਚ ਤੇਲ ਤੇ ਕੋਲੇ ਨਾਲ਼ੋਂ ਮੁਨਾਫ਼ਾ ਜ਼ਿਆਦਾ ਹੋਵੇ! ਸਭ ਤੋਂ ਵੱਡੀ ਗੱਲ ਤਾਂ ਇਹ ਕਿ ਸੂਰਜੀ ਊਰਜਾ ਯੁੱਗ ਕਿਵੇਂ ਬਦਲੇਗੀ ਇਹ ਭੇਦ ਪੂਰੇ ਲੇਖ 'ਚ ਬਣਿਆ ਰਹਿੰਦਾ ਹੈ। ਆਪਣਾ ਉਪਦੇਸ਼ ਜ਼ਾਰੀ ਰੱਖਦੇ ਹੋਏ ਉਹ ਕਹਿੰਦੇ ਹਨ - "ਏਸ਼ਿਆਈ ਦੇਸ਼ਾਂ ਵਿੱਚ ਧੁੱਪ ਦੀ ਭਰਮਾਰ ਹੈ। ਇਸੇ ਲਈ ਅਜੋਕੀ ਸਦੀ ਨੂੰ ਏਸ਼ਿਆਈ ਸਦੀ ਕਿਹਾ ਜਾਂਦਾ ਹੈ।" ਭਾਵ ਸੂਰਜੀ ਊਰਜਾ ਦਾ ਯੁੱਗ ਇਸੇ ਸਦੀ 'ਚ ਆਵੇਗਾ!! ਖੈਰ, ਧੁੱਪ ਦੀ ਭਰਮਾਰ ਤਾਂ ਲਗਭਗ ਉਹਨਾਂ ਸਾਰੇ ਦੇਸ਼ਾਂ ਵਿੱਚ ਜਿਹੜੇ ਕਰਕ ਰੇਖਾ ਤੇ ਮਕਰ ਰੇਖਾ ਦੇ ਵਿਚਕਾਰ ਆਉਂਦੇ ਹਨ, ਫਿਰ ਇਹ ਸਦੀ ਏਸ਼ਿਆਈ ਦੇਸ਼ਾਂ ਦੀ ਹੀ ਕਿਉਂ ਹੈ ? ਇਸ ਤਰ੍ਹਾਂ ਉਹ ਜਾਂ ਤਾਂ ਅੱਤ ਦੇ ਭੋਲ਼ੇ ਹਨ ਜਾਂ ਉੱਕਾ ਹੀ ਇਤਿਹਾਸ ਪੱਖੋਂ ਅਨਜਾਣ ਹਨ, ਜਾਂ ਜਾਣਬੁੱਝ ਕੇ ਤੱਥਾਂ ਨੂੰ ਤੋੜ-ਮਰੋੜ ਰਹੇ ਹਨ ਜਾਂ ਸਿਰੇ ਦੇ ਮੂਰਖ ਹਨ, ਪਰ ਕੁਝ ਵੀ ਹੋਵੇ ਉਹਨਾਂ ਦੀ ਇਹ ਪੂਰੀ ਬੌਧਿਕ ਕਸਰਤ ਦਾ ਨਤੀਜਾ ਕੀ ਨਿਕਲਦਾ ਹੈ ? ਕਿਉਂਕਿ ਇਤਿਹਾਸ ਵਿੱਚ ਕਿਸੇ ਦੀ ਨੀਅਤ ਨਹੀਂ, ਸਗੋਂ ਉਸਦੀ ਕੀਤੇ ਕੰਮਾਂ ਦਾ ਨਤੀਜਾ ਕੀ ਨਿਕਲਦਾ ਹੈ ਇਹ ਜ਼ਿਆਦਾ ਅਹਿਮ ਹੁੰਦਾ ਹੈ ਅਤੇ ਨਤੀਜਾ ਚਾਹੇ ਉਹ ਚਾਹੁਣ ਜਾਂ ਨਾ ਚਾਹੁਣ, ਇਹ ਨਿਕਲਦਾ ਹੈ ਕਿ ਉਹ ਸਮਾਜ 'ਚ ਜਮਾਤਾਂ ਦੀ ਹੋਂਦ ਨੂੰ ਨਕਾਰ ਰਹੇ ਹਨ, ਥੋਥੇ ਸਿਧਾਂਤ ਘੜ ਕੇ ਸਮਾਜ ਦੇ ਇਤਿਹਾਸਕ ਪੜਾਵਾਂ ਸਬੰਧੀ ਗਲਤ ਧਾਰਨਾਵਾਂ ਫੈਲਾ ਰਹੇ ਹਨ ਅਤੇ ਸਮਾਜ ਦੇ ਭਵਿੱਖ ਦੀ ਦਿਸ਼ਾ ਤੇ ਮੌਜੂਦਾ ਸਰਮਾਏਦਾਰੀ ਢਾਂਚੇ ਦੇ ਢਹਿਢੇਰੀ ਹੋਣ ਨੂੰ ਨਕਾਰ ਰਹੇ ਹਨ, ਭਾਵ ਸਮੁੱਚੀ ਮਨੁੱਖਤਾ ਦੀ ਬਿਹਤਰੀ ਨੂੰ ਮੰਨਣ ਤੋਂ ਇਨਕਾਰੀ ਹਨ, ਮੌਜੂਦਾ ਸਰਮਾਏਦਾਰੀ ਲੁਟੇਰਾ ਪ੍ਰਬੰਧ ਉਹਨਾਂ ਲਈ ਮਨੁੱਖਤਾ ਦਾ ਸਰਵਉੱਚ ਪੜਾਅ ਹੈ, ਨਿਚੋੜ 'ਚ ਕਿਹਾ ਜਾਵੇ ਤਾਂ ਉਹ ਸਰਮਾਏਦਾਰੀ ਦੀ ਬਹੁਤ ਖ਼ੂਬ ਸੇਵਾ ਕਰ ਰਹੇ ਹਨ।

ਹੁਣ ਸ਼੍ਰੀ ਕਪੂਰ ਦੇ ਲੇਖ 'ਚ ਹੋਰ ਕਈ ਨੁਕਤਿਆਂ 'ਤੇ ਗੱਲ ਕਰਦੇ ਹਾਂ। ਉਹਨਾਂ ਦੇ ਲੇਖ

ਦੀ ਪਹਿਲੀ ਸਤਰ ਹੈ - "ਯੁੱਗ ਉੱਥੇ ਹੀ ਬਦਲਦੇ ਹਨ, ਜਿੱਥੇ ਯੁੱਗ ਨੂੰ ਬਦਲਣ ਵਾਲ਼ੇ ਗਿਆਨਵਾਨ ਹਿੰਮਤੀ ਵਿਅਕਤੀ ਉਪਜਦੇ ਹਨ।" ਲੇਖ ਦੇ ਵਿੱਚ ਵੀ ਉਹਨਾਂ ਦੀਆਂ ਇਸ ਤਰ੍ਹਾਂ ਦੀਆਂ ਟਿੱਪਣੀਆਂ ਆਉਂਦਿਆਂ ਹਨ ਜਿਹਨਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਲੇਖਕ ਮਨੁੱਖੀ ਇਤਿਹਾਸ ਨੂੰ ਬਦਲਣ ਦੇ ਵਾਹਕ ਦੇ ਰੂਪ 'ਚ ਕੁਝ ਕੁ ਵਿਅਕਤੀਆਂ ਦੀ ਜਾਂ ਕਿਹਾ ਜਾਵੇ ਨਾਇਕਾਂ ਦੀ ਭੂਮਿਕਾ ਨੂੰ ਹੀ ਮੁੱਖ ਸਮਝਦੇ ਹਨ, ਬਾਕੀ ਮਨੁੱਖੀ ਸਮਾਜ ਉਹਨਾਂ ਲਈ ਸੁਸਤ ਆਲਸੀ ਭੀੜ ਤੋਂ ਵੱਧ ਕੁਝ ਨਹੀਂ। ਇਤਿਹਾਸ ਵਿੱਚ ਨਾਇਕਾਂ ਦੀ ਭੂਮਿਕਾ ਅਹਿਮ ਹੁੰਦੀ ਹੈ ਪਰ ਇਹ ਸਭ ਕੁਝ ਨਹੀਂ ਹੁੰਦੀ। ਜਿਵੇਂ ਸਿਪਾਹੀਆਂ ਤੋਂ ਬਿਨਾਂ ਫੌਜੀ ਜਰਨੈਲ ਕੋਈ ਲੜਾਈ ਨਹੀਂ ਲੜ ਸਕਦੇ ਤੇ ਯੋਗ ਜਰਨੈਲਾਂ ਤੋਂ ਬਿਨਾਂ ਕੋਈ ਫੌਜ ਲੜਾਈ ਜਿੱਤ ਨਹੀਂ ਸਕਦੀ ਭਾਵ ਕਿ ਜਰਨੈਲ ਤੇ ਆਮ ਸਿਪਾਹੀ ਇੱਕ ਦੂਜੇ ਦੇ ਪੂਰਕ ਹਨ। ਪਰ ਲੋਕ-ਸਮੂਹਾਂ ਤੋਂ ਬਿਨਾਂ ਕੋਈ ਜਰਨੈਲ ਆਪਣੀ ਫੌਜ ਤਿਆਰ ਨਹੀਂ ਕਰ ਸਕਦਾ ਚਾਹੇ ਉਹ ਕਿੰਨਾ ਵੀ ਬੁੱਧੀਮਾਨ ਕਿਉਂ ਨਾ ਹੋਵੇ, ਪਰ ਲੋਕ-ਸਮੂਹ ਬਿਨਾਂ ਜਰਨੈਲਾਂ ਤੋਂ ਵੀ ਲੜ ਸਕਦੇ ਹਨ ਅਤੇ ਆਪਣੀ ਲੜਾਈ ਦੌਰਾਨ ਆਪਣੇ ਜਰਨੈਲ ਵੀ ਆਪਣੇ ਵਿੱਚੋਂ ਹੀ ਪੈਦਾ ਕਰ ਲੈਂਦੇ ਹਨ। ਇਸ ਤਰ੍ਹਾਂ ਸਭ ਤੋਂ ਅਹਿਮ ਕਿਸੇ ਸਮਾਜ ਦੇ ਲੋਕ-ਸਮੂਹ ਹੁੰਦੇ ਹਨ, ਇਹ ਵਿਸ਼ਾਲ ਲੋਕ-ਸਮੂਹ ਹੀ ਸਮਾਜ ਨੂੰ ਬਦਲਣ ਦੇ ਅਸਲੀ ਤੇ ਅਮਲੀ ਵਾਹਕ ਹੁੰਦੇ ਹਨ। ਨਾਇਕ ਵੀ ਆਪਣੀ ਪ੍ਰਤਿਭਾ ਤਾਂ ਹੀ ਵਿਕਸਤ ਕਰ ਪਾਉਂਦਾ ਹੈ ਜੇ ਉਸ ਲਈ ਬਹੁਤ ਸਾਰਾ ਕੰਮ ਉਸਦੇ ਸਮਾਜ ਦੇ ਦੂਸਰੇ ਲੋਕ ਕਰਦੇ ਹਨ ਅਤੇ ਮੋੜਵੇਂ ਰੂਪ 'ਚ ਉਹ ਆਪਣੀ ਪ੍ਰਤਿਭਾ ਨੂੰ ਆਪਣੇ ਲੋਕਾਂ ਦੀ ਬਿਹਤਰੀ ਲਈ ਲਗਾਉਂਦਾ ਹੈ। ਨਾਇਕ ਨੂੰ ਨਾਇਕ ਲੋਕ ਬਣਾਉਂਦੇ ਹਨ, ਨਾ ਕਿ ਉਹ ਆਪਣੇ ਆਪ ਨੂੰ ਨਾਇਕ ਐਲਾਨਦਾ ਹੈ। ਦੂਜੀ ਮਹੱਤਵਪੂਰਣ ਗੱਲ ਇਹ ਵੀ ਹੈ ਕਿ ਨਾਇਕ ਦਾ ਸੰਕਲਪ ਵੀ ਸਮਾਜ ਦੇ ਜਮਾਤਾਂ 'ਚ ਵੰਡੇ ਜਾਣ ਨਾਲ਼ ਹੀ ਹੋਂਦ 'ਚ ਆਉਂਦਾ ਹੈ। ਮੁੱਢ ਕਦੀਮੀ ਸਮਾਜ ਵਿੱਚ ਜਦੋਂ ਜਿਉਂਦੇ ਰਹਿਣ ਲਈ ਸਭ ਨੂੰ ਹੀ ਬਰਾਬਰ ਮਿਹਨਤ ਕਰਨੀ ਪੈਂਦੀ ਸੀ ਤਾਂ ਨਾਇਕ ਦੇ ਸੰਕਲਪ ਦਾ ਪੈਦਾ ਹੋਣਾ ਵੀ ਸੰਭਵ ਨਹੀਂ ਸੀ। ਉਦੋਂ ਸਾਰਾ ਕਬੀਲਾ ਹੀ ਹਰ ਚੀਜ਼ ਦਾ ਸਾਂਝਾ ਮਾਲਕ ਸੀ ਸਮੇਤ ਗਿਆਨ ਦੇ। ਅੱਜਕੱਲ ਇੱਕ ਹੋਰ "ਫੈਸ਼ਨ" ਵੀ ਹੈ ਜਿਸ ਅਨੁਸਾਰ ਵੀ ਸਮਾਜ ਬਦਲਣ 'ਚ ਕੁਝ ਵਿਅਕਤੀਆਂ ਦੀ ਭੂਮਿਕਾ ਹੀ ਮੁੱਖ ਹੁੰਦੀ ਹੈ ਅਤੇ ਭੀੜ ਆਲਸੀ, ਸੁਸਤ ਤੇ ਬਦਲਾਅ ਵਿਰੋਧੀ ਹੁੰਦੀ ਹੈ ਪਰ ਨਾਇਕ ਦੇ ਸੰਕਲਪ ਨਾਲ਼ੋਂ ਫ਼ਰਕ ਇਹ ਹੈ ਕਿ ਇੱਥੇ ਕੁਝ ਵਿਅਕਤੀ ਵਿਹਲੜ, ਨਿਠੱਲੇ ਤੇ ਸਮਾਜ ਨਾਲ਼ੋਂ ਟੁੱਟੇ ਬੁੱਧੀਜੀਵੀ ਹੁੰਦੇ ਹਨ ਜੋ ਖੁਦ ਨੂੰ ਨਾਇਕਾਂ ਦੀ ਥਾਂ ਰੱਖਣ ਲੱਗਦੇ ਹਨ। ਇਹ ਬੁੱਧੀਜੀਵੀ ਕੁਝ ਕੁ ਕਿਤਾਬਾਂ ਪੜ੍ਹ ਕੇ, ਕੁਝ ਕੁ ਇਧਰੋਂ-ਉਧਰੋਂ ਸੁਣ ਕੇ ਅਤੇ ਬਾਕੀ ਆਪਣੀ ਲਿਖਣ-ਕਲਾ ਤੇ ਭਾਸ਼ਣ-ਕਲਾ ਦਾ ਵਿਕਾਸ ਕਰਕੇ ਇਹ ਸਮਝਣ ਲੱਗਦੇ ਹਨ ਕਿ ਲੋਕਾਂ ਦਾ ਫਰਜ਼ ਹੈ ਕਿ ਉਹ "ਵਿਦਵਾਨਾਂ ਦੀ ਸੁਣਨ, ਵਿਦਵਾਨਾਂ ਨਾਲ਼ ਬਹਿਸ ਨਾ

ਕਰਨ", ਇਹਨਾਂ ਕਿਤਾਬੀ ਨਾਇਕਾਂ ਦੇ ਉਪਦੇਸ਼ ਸੁਣਨ ਤੇ ਲੜਨ ਖੁਦ, ਇਹਨਾਂ ਨੂੰ ਅਰਾਮ ਨਾਲ਼ ਆਪਣੇ ਵੱਡੇ ਘਰਾਂ 'ਚ ਰਹਿਣ ਦੇਣ ਤੇ ਸਵੇਰੇ-ਸ਼ਾਮ ਆਕੇ ਦਿਸ਼ਾ-ਨਿਰਦੇਸ਼ ਲੈ ਜਾਇਆ ਕਰਨ। ਜਦੋਂ ਲੋਕ ਜਿਹੜੇ ਅਕਸਰ ਆਪਣੇ ਜੀਵਨ ਲਈ ਵੱਡੇ-ਛੋਟੇ ਸੰਘਰਸ਼ਾਂ 'ਚ ਵਿਚਰਦੇ ਰਹਿੰਦੇ ਹਨ ਇਹਨਾਂ ਕਿਤਾਬੀ ਨਾਇਕਾਂ ਦੀ ਅਗਵਾਈ ਮੰਨਣ ਤੋਂ ਇਨਕਾਰ ਕਰ ਦਿੰਦੇ ਹਨ ਤਾਂ ਬੁੱਧੀਜੀਵੀ ਆਮ ਲੋਕਾਂ ਨੂੰ ਸੁਸਤ, ਆਲਸੀ ਤੇ ਬਦਲਾਅ ਵਿਰੋਧੀ ਕਹਿ ਫਿਟਕਾਰਨ ਲੱਗ ਪੈਂਦੇ ਹਨ ਤੇ ਕੁਝ ਵਿਅਕਤੀਆਂ ਦੀ ਮੁੱਖ ਭੂਮਿਕਾ ਦਾ ਆਪਣਾ ਰਾਗ ਅਲਾਪਦੇ ਰਹਿੰਦੇ ਹਨ ਉਦੋਂ ਤੱਕ ਜਦੋਂ ਤੱਕ ਉਹਨਾਂ ਨੂੰ ਸਮੇਂ ਦਾ ਵੇਗ ਹੂੰਝ ਕੇ ਕਿਸੇ ਹਨੇਰੇ ਖੂੰਜੇ ਨਹੀਂ ਸੁੱਟ ਦਿੰਦਾ। ਇਹੋ ਜਿਹੇ ਕਿਤਾਬੀ ਨਾਇਕਾਂ ਦੀ ਸਮਾਜ ਨੂੰ ਬਦਲਣ 'ਚ ਲਗਭਗ ਜ਼ੀਰੋ ਭੂਮਿਕਾ ਹੁੰਦੀ ਹੈ!

ਵੈਸੇ ਤਾਂ ਉਹਨਾਂ ਦਾ ਪੂਰਾ ਲੇਖ, ਲੇਖ ਦਾ ਹਰ ਪੈਰਾ ਹੀ ਬੇਤੁਕੀਆਂ ਤੇ ਗੈਰ-ਇਤਿਹਾਸਕ ਟਿੱਪਣੀਆਂ ਨਾਲ਼ ਭਰਿਆ ਪਿਆ ਤੇ ਜੇ ਹਰ ਅਜਿਹੀ ਟਿੱਪਣੀ 'ਤੇ ਗੱਲ ਕਰਨ ਲੱਗੇ ਤਾਂ ਸ਼ਾਇਦ ਇੱਕ ਕਿਤਾਬਚਾ ਲਿਖਣਾ ਪਵੇ। ਫਿਰ ਵੀ ਕੁਝ ਮੁੱਖ-ਮੁੱਖ ਗੱਲਾਂ 'ਤੇ ਸੰਖੇਪ 'ਚ ਗੱਲ ਕਰਨੀ ਬਣਦੀ ਹੈ। ਉਹਨਾਂ ਦੇ ਲੇਖ ਦੇ ਪਹਿਲੇ ਤਿੰਨ ਪੈਰੇ ਅੰਨ੍ਹੀ ਪੱਛਮ-ਭਗਤੀ ਨਾਲ਼ ਭਰੇ ਪਏ ਹਨ, ਉਹਨਾਂ ਨੂੰ ਇੰਝ ਲੱਗਦਾ ਹੈ ਜਿਵੇਂ ਹਰ ਚੀਜ਼ ਤੇ ਮਨੁੱਖਤਾ ਦਾ ਹਰ ਵਿਕਾਸ ਜਿਵੇਂ ਯੂਰਪ ਤੇ ਉਹ ਵੀ ਯੂਨਾਨ ਤੇ ਰੋਮ ਵਿੱਚ ਹੀ ਹੋਇਆ ਹੋਵੇ ਤੇ ਬਾਕੀ ਪੂਰੀ ਦੁਨੀਆਂ ਉਹਨਾਂ ਅੱਗੇ ਭਿਖਾਰੀ ਤੋਂ ਵੱਧ ਕੁਝ ਨਾ ਹੋਵੇ। ਅਕਸਰ ਚੀਜ਼ਾਂ ਦਾ ਸਤਹੀ ਮੁਲਾਂਕਣ ਕਰਨ ਵਾਲ਼ਿਆਂ ਦਾ ਇਹੀ ਹਾਲ ਹੁੰਦਾ ਹੈ। ਜੇ ਸਾਡੇ ਪੰਜਾਬ ਦਾ ਕੋਈ ਕਲਾਕਾਰ ਜਾਂ ਆਮ ਵਿਅਕਤੀ ਵਿਦੇਸ਼ ਦਾ ਇੱਕ-ਅੱਧਾ ਗੇੜਾ ਲਾ ਆਵੇ ਤਾਂ ਉਹ ਵੀ ਇਸ ਤਰ੍ਹਾਂ ਹੀ ਅਮਰੀਕਾ-ਕੈਨੇਡਾ-ਇੰਗਲੈਂਡ ਦੇ ਗੁਣ ਗਾਉਂਦਾ ਹੈ, ਬਿਨਾਂ ਸ਼ੱਕ ਇਹ ਬਿਮਾਰੀ ਬੁੱਧੀਜੀਵੀ ਤਬਕੇ 'ਚ ਜੜ੍ਹਾਂ ਜਮਾ ਕੇ ਬੈਠੀ ਹੋਈ ਹੈ ਅਤੇ ਇਹ ਉਹਨਾਂ 'ਚ ਕਿਤੇ ਪੁਰਾਣੀ ਹੈ, ਇਹ ਅੰਗਰੇਜ਼ਾਂ ਦੀ 250 ਸਾਲ ਦੀ ਗੁਲਾਮੀ ਦੀ ਸਾਡੇ ਦਿਮਾਗਾਂ 'ਤੇ ਪਿਆ ਕਾਲ਼ਾ ਪਰਛਾਵਾਂ ਹੈ। ਉਹ ਦੇਸ਼ ਖੁਸ਼ਹਾਲ ਹਨ ਇਸ ਕਰਕੇ ਨਹੀਂ ਕਿ ਉਹਨਾਂ ਨੇ ਆਪਣੇ ਦਮ 'ਤੇ ਇਹ ਖੁਸ਼ਹਾਲੀ ਹਾਸਲ ਕੀਤੀ ਹੈ ਸਗੋਂ ਇਸ ਕਰਕੇ ਕਿ ਇਸ ਵਿੱਚ ਆਇਰਲੈਂਡ ਦੇ ਕਿਸਾਨਾਂ ਦਾ ਖੂਨ ਮਿਲਿਆ ਹੋਇਆ ਹੈ, ਅਫਰੀਕਾ ਦੇ ਗੁਲਾਮ ਬਣਾਏ ਗਏ ਨੀਗਰੋ ਲੋਕਾਂ ਦੇ ਲਹੂ ਦੀਆਂ ਬੂੰਦਾਂ ਨੁਚੜੀਆਂ ਹੋਈਆਂ ਹਨ, ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਗੁਲਾਮ ਮੁਲਕਾਂ ਦੇ ਵਾਸੀਆਂ ਦੀ ਸਦੀਆਂ ਦੀ ਲੁੱਟ ਸ਼ਾਮਿਲ ਹੈ ਤੇ ਅਮਰੀਕਾ ਦੇ ਰੈੱਡ ਇੰਡੀਅਨਾਂ ਦਾ ਕਤਲੇਆਮ ਬੋਲਦਾ ਹੈ ਅਤੇ ਅੱਜ ਵੀ ਪੂਰੀ ਦੁਨੀਆਂ ਦੀ ਇਹਨਾਂ ਮੁੱਠੀ ਭਰ ਮੁਲਕਾਂ ਵੱਲੋਂ ਕੀਤੀ ਜਾਂਦੀ ਆਰਥਕ ਲੁੱਟ ਸ਼ਾਮਿਲ ਹੈ। ਕੋਈ ਕਹੇਗਾ ਕਿ ਇਹ ਵੀ ਤਾਂ ਉਹਨਾਂ ਨੇ ਆਪਣਾ ਵਿਕਾਸ ਪਹਿਲਾਂ ਕਰਕੇ ਤੇ ਦੂਸਰੇ ਮੁਲਕਾਂ ਨੂੰ ਪਿੱਛੇ ਛੱਡ ਕੇ ਹਾਸਲ ਕੀਤਾ ਹੈ। ਬਿਲਕੁਲ ਸਹੀ, ਪਰ ਇਸ ਲਈ ਉਹਨਾਂ

ਨੂੰ ਮਹਾਨ ਕਹਿਣਾ ਤੇ ਇਹਨਾਂ ਮੁਲਕਾਂ ਦਾ ਗੁਣਗਾਨ ਕਰਨਾ ਬਿਲਕੁਲ ਉਚਿਤ ਨਹੀਂ।ਹਾਂ ਉਹਨਾਂ ਮੁਲਕਾਂ ਦੀ ਵਿਰਾਸਤ ਵਿੱਚ ਜੋ ਵੀ ਕੁਝ ਮਨੁੱਖਤਾ ਪੱਖੀ ਹੈ (ਤੇ ਅਜਿਹਾ ਥੋੜਾ ਨਹੀਂ ਹੈ), ਉਹ ਸਭ ਦਾ ਸਾਂਝਾ ਵਿਰਸਾ ਹੈ।ਹੁਣ ਇਹ ਦੇਖੀਏ ਕਿ ਕੀ ਹਰ ਚੀਜ਼ ਯੂਰਪ ਵਿੱਚ ਹੀ ਪੈਦਾ ਹੋਈ ਹੈ ਜਿਵੇਂ ਕਿ ਸ਼੍ਰੀ ਕਪੂਰ ਹੁਰਾਂ ਦਾ ਕਹਿਣਾ ਹੈ ? ਖੇਤੀ ਦੀ ਸ਼ੁਰੂਆਤ ਮਿਸਰ, ਏਸ਼ੀਆ, ਭਾਰਤ ਤੇ ਚੀਨ 'ਚ ਪਹਿਲਾਂ ਹੋਈ ਤੇ ਇੱਥੋਂ ਇਹ ਯੂਰਪ 'ਚ ਫੈਲੀ।ਅਸਲ ਵਿੱਚ ਮੁੱਢਲੀਆਂ ਸੱਭਿਆਤਾਵਾਂ ਜਿਵੇਂ ਮਿਸਰ, ਮੈਸੋਪਟਾਮੀਆ ਤੇ ਸਿੰਧ ਘਾਟੀ ਦੀਆਂ ਸੱਭਿਆਤਾਵਾਂ ਜੋ ਆਪਣੇ ਸਮੇਂ ਬਹੁਤ ਉੱਚੇ ਵਿਕਾਸ ਦੇ ਪੱਧਰ 'ਤੇ ਸਨ ਉਹ ਸਾਰੀਆਂ ਯੂਰਪ ਤੋਂ ਬਾਹਰ ਹੀ ਹੋਂਦ 'ਚ ਆਈਆਂ ਤੇ ਉਹ ਯੂਨਾਨ ਤੇ ਰੋਮ ਦੇ ਉਦੈ ਤੋਂ ਪਹਿਲਾਂ ਸਥਾਪਤ ਹੋਈਆਂ।ਇਹ ਕਹਿਣਾ ਵੀ ਉੱਕਾ ਹੀ ਗੈਰ-ਇਤਿਹਾਸਕ ਹੈ ਕਿ ਪਹਿਲਾ ਸ਼ਹਿਰ ਹੀ ਰੋਮ ਸੀ, ਰੋਮ ਤੋਂ ਪਹਿਲਾਂ ਕਈ ਸ਼ਹਿਰ ਹੋਂਦ 'ਚ ਆ ਚੁੱਕੇ ਸਨ।ਉਪਰੋਕਤ ਸੱਭਿਆਤਾਵਾਂ ਵੀ ਮੁੱਖ ਤੌਰ 'ਤੇ ਸ਼ਹਿਰ ਕੇਂਦਰਤ ਸੱਭਿਆਤਾਵਾਂ ਹੀ ਸਨ। ਹੋਰ ਅਨੇਕਾਂ-ਅਨੇਕ ਖੋਜਾਂ, ਤਕਨੀਕਾਂ ਤੇ ਦਾਰਸ਼ਨਿਕ ਯੋਗਦਾਨਾਂ ਦਾ ਵੇਰਵਾ ਦਿੱਤਾ ਜਾ ਸਕਦਾ ਹੈ ਜੋ ਨਾ ਸਿਰਫ਼ ਯੂਰਪ ਤੋਂ ਬਾਹਰ ਪੈਦਾ ਹੋਏ, ਸਗੋਂ ਉਸ ਸਮੇਂ ਪੈਦਾ ਹੋਏ ਜਦੋਂ ਯੂਰਪ ਖੁਦ ਬਹੁਤ ਪਛੜਿਆ ਹੋਇਆ ਸੀ। ਯੂਨਾਨ ਤੇ ਰੋਮ ਹਮੇਸ਼ਾਂ ਹੀ ਮਨੁੱਖੀ ਸਰਗਰਮੀ ਦੇ ਮੁੱਖ ਕੇਂਦਰ ਨਹੀਂ ਰਹੇ।ਮਨੁੱਖੀ ਸਭ ਤੋਂ ਵੱਧ ਸਰਗਰਮੀ ਦੇ ਕੇਂਦਰ ਵੱਖ-ਵੱਖ ਸਮਿਆਂ 'ਚ ਇੱਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਰਹੇ ਹਨ। ਸ਼ੁਰੂਆਤੀ ਸੱਭਿਅਤਾ ਦੇ ਕਾਲ 'ਚ ਇਹ ਕੇਂਦਰ ਮਿਸਰ, ਮੈਸੋਪਟਾਮੀਆ (ਅੱਜ ਦਾ ਇਰਾਕ), ਭਾਰਤ ਤੇ ਚੀਨ ਰਹੇ, ਫਿਰ ਇਹ ਕੇਂਦਰ ਯੂਨਾਨ ਤੇ ਰੋਮ ਵੱਲ ਚਲਾ ਗਿਆ, ਮੱਧਕਾਲ 'ਚ ਆਕੇ ਜਦੋਂ ਯੂਨਾਨ ਤੇ ਰੋਮ ਦਾ ਪਤਨ ਹੋ ਚੁੱਕਾ ਸੀ ਤਾਂ ਇਹ ਕੇਂਦਰ ਅਰਬ ਸੰਸਾਰ 'ਚ ਚਲਾ ਗਿਆ।ਫਿਰ ਪੁਨਰਜਾਗਰਣ ਨਾਲ਼ ਇਹ ਕੇਂਦਰ ਇਟਲੀ ਤੇ ਫਿਰ ਪ੍ਰਬੋਧਨ ਲਹਿਰ ਦੇ ਸਮੇਂ ਫਰਾਂਸ ਚਲਾ ਗਿਆ।ਭਾਵੇਂ ਅਜੇ ਤੱਕ ਵੀ ਇਹਨਾਂ ਦੇਸ਼ਾਂ ਦੀ ਥਾਂ ਬਣੀ ਹੋਈ ਹੈ, ਪਰ ਕੁਝ ਸਮੇਂ ਲਈ ਰੂਸ ਤੇ ਚੀਨ ਵੀ ਮਨੁੱਖੀ ਸਰਗਰਮੀ ਦੇ ਉਚਤਮ ਕੇਂਦਰ ਬਣੇ ਰਹੇ। ਇਸ ਲਈ ਸੰਸਾਰ ਦੇ ਕਿਸੇ ਇੱਕ ਕੋਨੇ ਨੂੰ ਪੂਰੀ ਦੁਨੀਆਂ ਲਈ ਇੱਕੋ ਇੱਕ ਚਾਨਣ-ਮੁਨਾਰਾ ਬਣਾ ਕੇ ਪੇਸ਼ ਕਰਨਾ ਕਿਸੇ ਪਾਸਿਓਂ ਵੀ ਸਮਝਦਾਰੀ ਵਾਲ਼ੀ ਗੱਲ ਨਹੀਂ।

ਆਪਣੀ ਪੱਛਮ-ਆਰਤੀ ਜ਼ਾਰੀ ਰੱਖਦੇ ਹੋਏ ਸ਼੍ਰੀ ਕਪੂਰ ਕਹਿੰਦੇ ਹਨ - "ਯਹੂਦੀਆਂ-ਈਸਾਈਆਂ ਦਾ ਕੈਲੰਡਰ ਦੇਖ ਕੇ ਹੀ ਸਾਰੇ ਧਰਮਾਂ-ਫਿਰਕਿਆਂ ਨੇ ਆਪਣੇ ਕੈਲੰਡਰ ਬਣਾਏ।" ਪਤਾ ਨਹੀਂ ਕਿਉਂ ਸਾਡੇ ਵਿਦਵਾਨ ਇਹ ਸਮਝਦੇ ਹਨ ਕਿ ਉਹ ਜੋ ਵੀ ਲਿਖਣਗੇ ਉਹ ਬੱਸ "ਸੱਚ" ਹੀ ਹੋਵੇਗਾ।ਦੁਨੀਆਂ ਦੇ ਪਹਿਲਾ ਕੈਲੰਡਰ ਮਿਸਰੀ ਲੋਕਾਂ ਨੇ ਬਣਾਇਆ, ਲਗਭਗ 4000 ਈ.ਪੂ. ਸਾਲ ਪਹਿਲਾਂ ਤੇ ਉਸ ਸਮੇਂ ਯੂਨਾਨ ਤੇ ਰੋਮ ਦਾ ਕੋਈ ਨਾਮ-ਥੇਹ ਵੀ ਨਹੀਂ ਸੀ। ਇਹ ਕੈਲੰਡਰ ਸੂਰਜ-ਅਧਾਰਤ ਸੀ ਅਤੇ ਇਸ ਵਿੱਚ 365 ਦਿਨ ਹੁੰਦੇ ਸਨ, 12

ਮਹੀਨੇ ਤੇ ਹਰ ਮਹੀਨਾ 30 ਦਿਨਾਂ ਦਾ ਹੁੰਦਾ ਸੀ, ਬਾਕੀ ਬਚੇ ਪੰਜ ਦਿਨ ਸਾਲ ਦੇ ਆਖਰ 'ਚ ਆਉਂਦੇ ਸਨ। ਇਹੀ ਨਹੀਂ, ਇਰਾਨੀ ਲੋਕ ਵੀ ਉਹਨਾਂ ਪਹਿਲੇ ਲੋਕਾਂ ਵਿੱਚੋਂ ਸਨ ਜਿਹਨਾਂ ਨੇ ਚੰਦਰਮਾ-ਅਧਾਰਤ ਕੈਲੰਡਰ ਦੀ ਥਾਂ ਸੂਰਜੀ ਕੈਲੰਡਰ ਨੂੰ ਪਹਿਲ ਦਿੱਤੀ। ਮਾਇਆ ਸੱਭਿਅਤਾ ਦਾ ਕੈਲੰਡਰ ਵੀ ਸੂਰਜੀ ਕੈਲੰਡਰ ਸੀ ਜੋ 5ਵੀਂ ਈ.ਪੂ. ਸਦੀ 'ਚ ਬਣ ਚੁੱਕਾ ਸੀ। ਜਿਹੜੇ ਸੂਰਜੀ ਕੈਲੰਡਰ ਦੇ ਸਾਡੇ ਵਿਦਵਾਨ ਲੇਖਕ ਵਾਰੇ-ਵਾਰੇ ਜਾ ਰਹੇ ਹਨ, ਉਹ ਜੂਲੀਅਨ ਕੈਲੰਡਰ ਹੈ ਜਾਂ ਗ੍ਰੀਗੋਰੀਯਨ ਕੈਲੰਡਰ ਹੈ ਇਸ ਬਾਰੇ ਉਹਨਾਂ ਨੇ ਸਪੱਸ਼ਟ ਤਾਂ ਨਹੀਂ ਕੀਤਾ ਪਰ ਤਾਂ ਵੀ ਪਾਠਕਾਂ ਨੂੰ ਦੱਸ ਦਿੰਦੇ ਹਾਂ ਕਿ ਜੂਲੀਅਨ ਕੈਲੰਡਰ 49 ਈ.ਪੂ. ਨੂੰ ਰੋਮਨ ਸਾਮਰਾਜ 'ਚ ਲਾਗੂ ਹੋਇਆ, ਉਸਤੋਂ ਪਹਿਲਾਂ ਰੋਮਨ ਸਾਮਰਾਜ ਵਿੱਚ 700 ਈ.ਪੂ. ਤੋਂ ਲੈ ਜੂਲੀਅਨ ਕੈਲੰਡਰ ਲਾਗੂ ਹੋਣ ਤੱਕ, ਚੰਦਰਮਾ-ਅਧਾਰਤ ਕੈਲੰਡਰ ਹੀ ਚਲਦਾ ਸੀ। ਗ੍ਰੀਗੋਰੀਯਨ ਕੈਲੰਡਰ 1582 ਈਸਵੀ 'ਚ ਆ ਕੇ ਇੰਗਲੈਂਡ ਵਿੱਚ ਪ੍ਰਚਲਿਤ ਹੋਇਆ ਤੇ ਇੰਗਲੈਂਡ ਦੀ ਭਾਰੂ ਸ਼ਕਤੀ ਹੋਣ ਦੀ ਹੈਸੀਅਤ ਕਾਰਨ ਇਹ ਜਲਦੀ ਹੀ ਬਾਕੀ ਸੰਸਾਰ 'ਚ ਫੈਲ ਗਿਆ। ਹੋਰ ਦੇਖੋ - "ਇਤਿਹਾਸ ਉਦੋਂ ਸੰਭਵ ਹੁੰਦਾ ਹੈ ਜਦੋਂ ਸੂਰਜੀ ਕੈਲੰਡਰ ਅਤੇ ਲਿਖਣ ਕਲਾ ਦਾ ਵਿਕਾਸ ਹੁੰਦਾ ਹੈ।" ਲਿਖਣ ਨਾਲ਼ ਤਾਂ ਇਤਿਹਾਸ ਦੇ ਲਿਖਤੀ ਰੂਪ ਦਾ ਸਬੰਧ ਸਮਝ ਆਉਂਦਾ ਹੈ, ਪਰ ਸੂਰਜੀ ਕੈਲੰਡਰ ਨਾਲ਼ ਉੱਕਾ ਹੀ ਬੇਤੁਕਾ ਹੈ। ਚੀਨ ਦਾ ਇਤਿਹਾਸ 1400 ਈ.ਪੂ. ਤੋਂ ਲੈ ਕੇ ਲੱਗਭੱਗ ਲਿਖਤੀ ਰੂਪ 'ਚ ਉਪਲਬਧ ਹੈ ਪਰ ਚੀਨੀ ਕੈਲੰਡਰ ਚੰਦਰਮਾ-ਅਧਾਰਤ ਸੀ। ਇਸੇ ਤਰ੍ਹਾਂ ਰੋਮ ਦੀ ਉਦਾਹਰਨ ਵੀ ਸਾਹਮਣੇ ਹੈ। ਰੋਮ ਤੇ ਯੂਨਾਨ ਦਾ ਇਤਿਹਾਸ ਲੇਖਣ ਚੀਨ ਨਾਲ਼ੋਂ ਬਿਹਤਰ ਜ਼ਰੂਰ ਹੈ ਪਰ ਇਹ ਚੀਨ ਨਾਲ਼ੋਂ ਪੂਰੀ ਦਹਿ ਸਦੀ ਬਾਅਦ ਲਿਖਿਆ ਜਾਂਦਾ ਹੈ।

ਪੱਛਮ-ਭਗਤੀ ਕਪੂਰ ਜੀ ਦੇ ਕਿੰਨਾ ਜ਼ਿਆਦਾ ਹੱਡਾਂ 'ਚ ਉਤਰ ਗਈ ਹੈ, ਇਸਦਾ ਸਬੂਤ ਉਹਨਾਂ ਦੇ ਇਹ ਕਥਨ 'ਚੋਂ ਮਿਲਦੀ ਹੈ - "ਅਜੋਕੇ ਸੰਸਾਰ ਉੱਤੇ ਯੂਰਪ ਜਾਂ ਪੱਛਮ ਦਾ ਰਾਜ ਹੈ। ਅਮਰੀਕਾ ਪੱਛਮ ਦਾ ਵਿਸਥਾਰ ਹੈ। ਬਾਕੀ ਦਾ ਸੰਸਾਰ ਪੱਛਮ ਦੇ ਪਾਏ ਪੂਰਨਿਆਂ (ਕਿਹੜੇ ਪੂਰਨੇ ? ?)'ਤੇ ਚੱਲ ਕੇ ਹੀ ਵਿਕਾਸ ਕਰ ਰਿਹਾ ਹੈ।(ਓ ਮੇਰਿਆ ਰੱਬਾ, ਇਹ ਆਦਮੀ ਧਰਤੀ ਦਾ ਵਾਸੀ ਹੀ ਹੈ ਨਾ!!) ਪੱਛਮ ਦਾ ਵਿਰੋਧ ਕਰਨ ਵਾਲ਼ੇ (ਸ਼ਬਦ 'ਵਿਰੋਧ' ਵੱਲ ਧਿਆਨ ਦਿਉ) ਮੱਧਕਾਲੀ ਸਮੱਸਿਆਵਾਂ ਵਿੱਚ ਉਲਝੇ ਹੋਣ ਕਰਕੇ ਆਪਣੇ ਆਪ ਲਈ ਬਿਪਤਾਵਾਂ ਹੀ ਉਪਜਾ ਰਹੇ ਹਨ। ਪੱਛਮ ਨਾਲ਼ ਮਤਭੇਦ ਹੋ ਸਕਦੇ ਹਨ ਪਰ ਪੱਛਮ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਕਰਨਾ ਸੰਭਵ ਨਹੀਂ ਹੈ।" ਸੰਸਾਰ ਦੇ ਕਿਹੜੇ ਕੋਨੇ ਵਿੱਚ ਅੱਜ ਦੇ ਸਮੇਂ ਸਮੁੱਚੇ ਸਮਾਜ ਦਾ ਵਿਕਾਸ ਹੋ ਰਿਹਾ ਹੈ ? ਫਿਲਹਾਲ ਤਾਂ ਪੱਛਮ ਦੀ ਆਰਥਕ ਸੰਕਟ ਕਾਰਨ ਖੁਦ ਦੀ ਹੀ ਦੁਰਗਤੀ ਹੋ ਰਹੀ ਹੈ ਤੇ ਸਭ ਤੋਂ ਭਿਅੰਕਰ ਹਾਲਤ ਯੂਨਾਨ ਤੇ ਰੋਮ 'ਚ ਬਣੀ ਹੋਈ ਹੈ। "ਪੱਛਮ ਦਾ ਵਿਰੋਧ" ਪਰ ਕਿਸ ਤਰ੍ਹਾਂ ਦਾ ਵਿਰੋਧ, ਇਸ ਬਾਰੇ ਉਹ ਸਪੱਸ਼ਟ

ਨਹੀਂ ਕਰਦੇ। ਜੇ ਪੱਛਮੀ ਸਾਮਰਾਜੀ ਧੌਂਸ ਤੇ ਲੁੱਟ ਅਤੇ ਜਮਹੂਰੀਅਤ ਦੀ ਬਰਾਮਦ ਦਾ ਵਿਰੋਧ ਕਪੂਰ ਹੁਰਾਂ ਨੂੰ "ਮੱਧਕਾਲੀ ਸਮੱਸਿਆਵਾਂ ਵਿੱਚ ਉਲਝੇ ਹੋਣਾ" ਤੇ "ਆਪ ਲਈ ਬਿਪਤਾਵਾਂ ਹੀ ਉਪਜਾਉਣਾ" ਲੱਗਦਾ ਹੈ ਤਾਂ ਉਹ ਸਾਮਰਾਜੀ ਸਰਮਾਏਦਾਰੀ ਦੇ ਟੁਕੜਿਆਂ 'ਤੇ ਪਲਣ ਵਾਲ਼ੇ ਬੌਧਿਕ ਚਾਕਰਾਂ ਜਿਹਾ ਵਿਹਾਰ ਕਰ ਰਹੇ ਹਨ। ਜੇ ਇਹ ਬੌਧਿਕ ਚਾਕਰੀ ਨਹੀਂ ਵੀ, ਤਾਂ ਵੀ ਇਹ ਬੁਜ਼ਦਿਲੀ ਹੈ ਅਤੇ ਆਪਣੇ ਲੋਕਾਂ ਨਾਲ਼ ਗੱਦਾਰੀ ਹੈ। "ਪੱਛਮ ਨਾਲ਼ ਮਤਭੇਦ ਹੋ ਸਕਦੇ ਹਨ ਪਰ ਪੱਛਮ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਕਰਨਾ ਸੰਭਵ ਨਹੀਂ ਹੈ।" ਇਹ ਬਿਲਕੁਲ ਸਹੀ ਹੈ ਪਰ ਇਹ ਯੋਗਦਾਨ ਕਿਸ ਖੇਤਰ ਵਿੱਚ, ਇਹ ਵੀ ਤਾਂ ਸਪੱਸ਼ਟ ਕਰਨਾ ਪਵੇਗਾ। ਜੇ ਇਹ ਪੁਨਰ-ਜਾਗਰਣ ਤੇ ਪ੍ਰਬੋਧਨ ਦੀਆਂ ਲਹਿਰਾਂ ਦੇ ਸਬੰਧ 'ਚ ਹੈ, ਸ਼ਹਿਰੀ ਅਜਾਦੀਆਂ ਤੇ ਜਮਹੂਰੀ ਕਦਰਾਂ-ਕੀਮਤਾਂ ਦੇ ਸਬੰਧ 'ਚ ਹੈ, ਪੁਰਾਤਨ ਯੂਨਾਨੀ ਤੇ ਰੋਮਨ ਦਰਸ਼ਨ ਤੇ ਕਲਾਵਾਂ ਦੇ ਸਬੰਧ 'ਚ ਹੈ, ਆਧੁਨਿਕ ਵਿਗਿਆਨ ਦੇ ਵਿਕਾਸ ਦੇ ਸਬੰਧ 'ਚ ਹੈ, ਫਰਾਂਸੀਸੀ ਜਰਮਨ ਤੇ ਅੰਗਰੇਜ਼ੀ ਦੇ ਮਨੁੱਖਤਾ-ਪੱਖੀ ਦਰਸ਼ਨ, ਸਮਾਜ-ਵਿਗਿਆਨ, ਸਾਹਿਤ ਤੇ ਕਲਾ ਦੇ ਸਬੰਧ ਵਿੱਚ ਹੈ ਤਾਂ ਇਹ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਇਸ ਤਰ੍ਹਾਂ ਦੇ ਯੋਗਦਾਨ ਇਕੱਲੇ ਪੱਛਮ ਦਾ ਤਾਂ ਛੱਡੋ ਕਿਸੇ ਵੀ ਕੌਮ ਦਾ ਅਜਿਹਾ ਯੋਗਦਾਨ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਪਰ ਜੇ ਯੋਗਦਾਨ ਸਿਰਫ਼ ਇਹ ਹੈ ਕਿ "ਅਜੋਕੇ ਸੰਸਾਰ ਉੱਤੇ ਯੂਰਪ ਜਾਂ ਪੱਛਮ ਦਾ ਰਾਜ ਹੈ। ਅਮਰੀਕਾ ਪੱਛਮ ਦਾ ਵਿਸਥਾਰ ਹੈ। ਬਾਕੀ ਦਾ ਸੰਸਾਰ ਪੱਛਮ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਹੀ ਵਿਕਾਸ ਕਰ ਰਿਹਾ ਹੈ।" ਤਾਂ ਇਸ ਨਾਲ਼ ਨਾ ਸਿਰਫ਼ ਹਰ ਮਨੁੱਖਤਾ-ਪੱਖੀ ਵਿਅਕਤੀ ਦਾ ਮਤਭੇਦ ਹੋਣਾ ਚਾਹੀਦਾ ਹੈ ਸਗੋਂ ਇਸਦਾ ਵਿਰੋਧ ਕਰਨਾ ਵੀ ਇਖਲਾਕੀ ਫਰਜ਼ ਹੈ।

ਭਾਰਤ ਬਾਰੇ ਟਿੱਪਣੀਆਂ ਕਰਦੇ ਹੋਏ ਉਹਨਾਂ ਨੂੰ ਭਾਰਤ ਦੇ ਸਮੁੱਚੇ ਇਤਿਹਾਸ 'ਚ ਆਲਸ, ਸੁਸਤੀ, ਬੌਧਿਕ ਕੰਗਾਲੀ ਤੋਂ ਬਿਨਾਂ ਕੁਝ ਨਹੀਂ ਦਿਖਦਾ। ਉਹ ਕਹਿੰਦੇ ਹਨ - ਭਾਰਤ ਕੋਲ ਇਤਿਹਾਸ ਦਾ ਕੋਈ ਸੰਕਲਪ ਨਹੀਂ ਹੈ, ਭਾਰਤ ਕੋਲ ਕਾਲ-ਚੱਕਰ ਦਾ ਸੰਕਲਪ ਹੈ। ਉਹਨਾਂ ਨੂੰ ਇੱਥੇ ਭਾਰਤ ਦੇ ਉੱਘੇ ਇਤਿਹਾਸਕਾਰ ਡੀ. ਡੀ. ਕੋਸੰਬੀ ਦੇ ਸ਼ਬਦਾਂ ਦੀ ਯਾਦ ਦਿਵਾਉਣੀ ਕਾਫ਼ੀ ਹੋਵੇਗੀ - ਇਹਨਾਂ ਸਭਨਾਂ ਗੱਲਾਂ ਕਰਕੇ (ਲਿਖਤੀ ਸ੍ਰੋਤ-ਸਮੱਗਰੀ ਬਹੁਤੀ ਨਾ ਹੋਣ ਕਰਕੇ - ਲੇਖਕ) ਸਿਆਣੇ ਵਿਦਵਾਨ ਵੀ ਇਹ ਕਹਿਣ ਲੱਗੇ ਹਨ ਕਿ ਭਾਰਤ ਦਾ ਕੋਈ ਇਤਿਹਾਸ ਨਹੀਂ। ਨਿਸ਼ਚੈ ਹੀ, ਰੋਮ ਜਾਂ ਯੂਨਾਨ ਦੇ ਇਤਿਹਾਸ ਵਾਂਗ ਪ੍ਰਾਚੀਨ ਭਾਰਤ ਦਾ ਤੱਥ ਪੂਰਨ ਤੇ ਬਿਓਰੇਵਾਰ ਇਤਿਹਾਸ ਪ੍ਰਸਤੁਤ ਕਰਨਾ ਸੰਭਵ ਨਹੀਂ ਹੈ। ਪਰ ਇਤਿਹਾਸ ਕੀ ਹੈ ? ਜੇ ਇਤਿਹਾਸ ਦਾ ਅਰਥ ਕੇਵਲ ਵੱਡੀਆਂ-ਵੱਡੀਆਂ ਲੜਾਈਆਂ ਤੇ ਕੁਝ ਖਾਸ ਘੁਮੰਡੀ ਨਾਵਾਂ ਦਾ ਸਿਲਸਿਲਾ ਹੀ ਹੈ, ਤਾਂ ਭਾਰਤ ਦਾ ਇਤਿਹਾਸ ਲਿਖਣਾ ਮੁਸ਼ਕਿਲ ਹੈ। ਪਰ ਜੇ ਕਿਸੇ ਰਾਜੇ ਦੇ ਨਾਉਂ ਦੀ ਥਾਂ ਇਹ ਜਾਨਣਾ ਵਧੇਰੇ ਮਹੱਤਵਪੂਰਣ ਹੈ ਕਿ ਉਸਦੇ ਰਾਜ

ਦੇ ਕਿਸਾਨ ਹਲ ਦੀ ਵਰਤੋਂ ਕਰਦੇ ਸਨ ਜਾਂ ਨਹੀਂ, ਤਾਂ ਭਾਰਤ ਦਾ ਇਤਿਹਾਸ ਮੌਜੂਦ ਹੈ।

ਭਾਰਤ ਦੇ ਇਤਿਹਾਸ ਬਾਰੇ ਆਪਣੀਆਂ ਅਧਾਰਹੀਣ ਟਿੱਪਣੀਆਂ ਜ਼ਾਰੀ ਰੱਖਦੇ ਹੋਏ ਉਹ ਲਿਖਦੇ ਹਨ - ਭਾਰਤ ਦੇ ਇਤਿਹਾਸ ਨੇ ਚਾਰ ਮੁੱਖ ਮੋੜ ਕੱਟੇ ਹਨ: ਆਰੀਅਨਾਂ ਦਾ ਆਗਮਨ, ਬੁੱਧ ਦਾ ਪ੍ਰਗਟ ਹੋਣਾ, ਇਸਲਾਮ ਦਾ ਪ੍ਰਵੇਸ਼ ਤੇ ਅੰਗਰੇਜ਼ਾਂ ਦਾ ਆਉਣਾ। ਇਹ ਚਾਰ ਮੋੜ ਕੱਟਣ 'ਚ ਭਾਰਤ ਨੇ ਕੋਈ ਉੱਦਮ ਨਹੀਂ ਕੀਤਾ, ਉੱਦਮ ਆਉਣ ਵਾਲ਼ਿਆਂ ਨੇ ਕੀਤਾ। ਪਹਿਲੀ ਗੱਲ ਤਾਂ ਇਹ ਕਿ ਬੁੱਧ ਧਰਮ ਦਾ ਜਨਮ ਸਥਾਨ ਭਾਰਤ ਹੈ, ਨਾ ਕਿ ਇਹ ਕਿਤੋਂ ਬਾਹਰੋਂ ਆਇਆ ਹੈ। ਹਾਂ, ਬੁੱਧ ਨੂੰ ਜਨਮ ਦਿਵਾਉਣ 'ਚ ਭਾਰਤ ਦੇ ਬਹੁਗਿਣਤੀ ਵਾਸੀਆਂ ਦਾ ਯੋਗਦਾਨ ਉਨਾ ਕੁ ਹੀ ਹੈ ਜਿੰਨਾ ਕੁ ਈਸਾ ਮਸੀਹ ਜਾਂ ਕਿਸੇ ਹੋਰ ਵੱਡੇ ਬੰਦੇ ਨੂੰ ਜਨਮ ਦਿਵਾਉਣ 'ਚ ਉੱਥੋਂ ਦੇ ਵਾਸੀਆਂ ਦਾ ਹੁੰਦਾ ਹੈ! ਹੁਣ ਆਓ ਬਾਕੀ ਤਿੰਨਾਂ ਵੱਲ - ਇਹ ਤਿੰਨੇ ਹਮਲਾਵਰ ਸਨ, ਤੇ ਹਮਲਾਵਰਾਂ ਤੋਂ ਆਪਣੇ 'ਤੇ ਹਮਲਾ ਕਰਵਾਉਣ ਲਈ ਅੱਜ ਤੱਕ ਕਿਸੇ ਵੀ ਸਮਾਜ ਨੇ ਖੁਦ ਉੱਦਮ ਕੀਤਾ ਹੋਵੇ, ਇਹ ਤਾਂ ਸ਼੍ਰੀ ਕਪੂਰ ਨੂੰ ਹੀ ਪਤਾ ਹੋਵੇਗਾ। "...ਉੱਦਮ ਆਉਣ ਵਾਲ਼ਿਆਂ (ਭਾਵ ਹਮਲਾਵਰਾਂ ਨੇ) ਨੇ ਕੀਤਾ", ਇਸ ਕਥਨ ਤੋਂ ਇਹ ਵੀ ਸਾਫ਼ ਹੁੰਦਾ ਹੈ ਕਿ ਕਪੂਰ ਸਾਬ੍ਹ ਵੀ ਉਹਨਾਂ ਅੰਗਰੇਜ਼ਪ੍ਰਸਤਾਂ 'ਚ ਸ਼ਾਮਿਲ ਹਨ ਜਿਹੜੇ ਕਹਿੰਦੇ ਹਨ ਕਿ ਅੰਗਰੇਜ਼ਾਂ ਨੇ ਭਾਰਤ ਨੂੰ ਗੁਲਾਮ ਬਣਾ ਕੇ ਭਾਰਤ 'ਤੇ ਅਹਿਸਾਨ ਕੀਤਾ, ਭਾਰਤ ਨੂੰ ਸੱਭਿਅਕ ਬਣਾਇਆ ਤੇ ਭਾਰਤ 'ਚ ਰੇਲਾਂ ਵਿਛਾਈਆਂ (ਖਾਸ ਤੌਰ 'ਤੇ ਕਾਲਕਾ-ਸ਼ਿਮਲਾ ਰੇਲ!) ਤੇ ਹੋਰ ਪਤਾ ਨਹੀਂ ਕੀ ਕੀ। ਇੱਕ ਵਾਰ ਫਿਰ ਡੀ. ਡੀ. ਕੋਸੰਬੀ ਅਜਿਹੇ ਵਿਦਵਾਨਾਂ ਨੂੰ ਜਿਹੜੇ ਕਹਿੰਦੇ ਹਨ ਕਿ ਭਾਰਤੀ ਸੱਭਿਅਤਾ ਤੇ ਸੱਭਿਆਚਾਰ ਵਿਦੇਸ਼ੀ ਚਾਹੇ ਮੁਸਲਿਮ ਚਾਹੇ ਬਰਤਾਨਵੀ ਜਿੱਤ ਦੀ ਹੀ ਉਪਜ ਹੈ, ਜਵਾਬ ਦਿੰਦੇ ਹਨ - ਜੇ ਗੱਲ ਇਉਂ ਹੋਵੇ ਤਾਂ ਲਿਖਣਯੋਗ ਭਾਰਤੀ ਇਤਿਹਾਸ ਕੇਵਲ ਜੇਤੂਆਂ ਦਾ ਹੀ ਇਤਿਹਾਸ ਹੁੰਦਾ। ਬਦੇਸ਼ੀ ਲੇਖਕ ਜੋ ਪਾਠ-ਪੁਸਤਕਾਂ ਛੱਡ ਗਏ (ਇਹੀ ਪਾਠ ਪੁਸਤਕਾਂ ਕਪੂਰ ਜਿਹੇ ਵਿਦਵਾਨ ਘੋਟੀ ਬੈਠੇ ਹਨ), ਉਹਨਾਂ ਤੋਂ ਸਹਿਜੇ ਹੀ ਇਸ ਧਾਰਨਾ ਨੂੰ ਬਲ ਮਿਲਦਾ ਹੈ। ਪਰ ਜਿਸ ਸਮੇਂ ਮਕਦੂਨੀਆ ਦਾ ਸਿਕੰਦਰ ਹਿੰਦ ਦੀ ਪੁਰਾਣਕ ਅਮੀਰੀ ਤੇ ਜਾਦੂਈ ਨਾਉਂ ਨੂੰ ਸੁਣ ਕੇ ਪੂਰਬ ਵੱਲ ਖਿੱਚਿਆ ਗਿਆ ਸੀ, ਉਸ ਸਮੇਂ ਇੰਗਲੈਂਡ ਤੇ ਫਰਾਂਸ ਲੋਹ-ਯੁੱਗ 'ਚ ਕਦਮ ਹੀ ਧਰ ਰਹੇ ਸਨ। ਭਾਰਤ ਲਈ ਨਵੇਂ ਵਪਾਰੀ ਮਾਰਗ ਖੋਜਣ ਦੀ ਕੋਸ਼ਿਸ਼ ਵਿੱਚੋਂ ਹੀ ਅਮਰੀਕਾ ਦੀ ਖੋਜ ਹੋਈ। ਇਹੀ ਕਾਰਨ ਹੈ ਕਿ ਅੱਜ ਵੀ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਇੰਡੀਅਨ ਕਿਹਾ ਜਾਂਦਾ ਹੈ। ਅਰਬ ਲੋਕ ਜਦੋਂ ਬੌਧਿਕ ਦ੍ਰਿਸ਼ਟੀ ਤੋਂ ਸੰਸਾਰ ਵਿੱਚ ਸਭ ਤੋਂ ਪ੍ਰਗਤੀਸ਼ੀਲ ਤੇ ਸਰਗਰਮ ਸਨ, ਉਸ ਸਮੇਂ ਉਹਨਾਂ ਨੇ ਆਪਣੇ ਚਿਕਿਤਸਾ ਗ੍ਰੰਥ ਤੇ ਕਾਫ਼ੀ ਹੱਦ ਤੱਕ ਗਣਿਤ ਦੇ ਗ੍ਰੰਥ ਵੀ, ਭਾਰਤੀ ਸ੍ਰੋਤਾਂ ਦੇ ਅਧਾਰ 'ਤੇ ਤਿਆਰ ਕੀਤੇ। ਏਸ਼ਿਆਈ ਸੰਸਕ੍ਰਿਤੀ ਤੇ ਸੱਭਿਅਤਾ ਦੇ ਦੋ ਮੁੱਢਲੇ ਸ੍ਰੋਤ ਚੀਨ ਤੇ ਭਾਰਤ ਹੀ ਹਨ। ਸੂਤੀ ਕੱਪੜੇ (ਕੈਲਿਕੋ, ਛੀਂਟ, ਡੂੰਗਰੀ, ਪਜਾਮਾ, ਮੈਸ਼ਾ, ਅਤੇ ਸਿੰਗਮ ਸ਼ਬਦ ਭਾਰਤੀ ਉਤਪਤੀ ਦੇ ਹਨ) ਅਤੇ ਖੰਡ ਨਿੱਤ

ਦਿਹਾੜੀ ਦੇ ਜੀਵਨ ਨੂੰ ਭਾਰਤ ਦੀ ਦੇਣ ਹਨ, ਐਨ ਉਵੇਂ ਜਿਵੇਂ ਕਾਗਜ਼, ਚਾਹ, ਚੀਨੀ ਮਿੱਟੀ ਤੇ ਰੇਸ਼ਮ ਚੀਨ ਦੀ ਦੇਣ ਹਨ। ਸਾਡੀ ਲੇਖਕ ਨੂੰ ਸਲਾਹ ਹੈ ਕਿ ਉਹ ਜੇਮਜ਼ ਮਿੱਲ ਦੇ ਅੰਗਰੇਜ਼ੀ 'ਚ ਲਿਖੇ ਉਪਯੋਗਤਾਵਾਦੀ ਇਤਿਹਾਸ ਦੀਆਂ ਕਿਤਾਬਾਂ ਤੇ ਉਹਨਾਂ ਕਿਤਾਬਾਂ ਦੀਆਂ ਭਾਰਤੀ ਨਕਲਾਂ ਜਿਹੜੀਆਂ ਸਾਡੇ ਕਾਲਜਾਂ/ਯੂਨੀਵਰਸਿਟੀਆਂ 'ਚ ਅੱਜ ਤੱਕ ਪੜ੍ਹਾਈਆਂ ਜਾਂਦੀਆਂ ਹਨ, ਦੀ ਥਾਂ ਭਾਰਤ ਦੇ ਇਤਿਹਾਸਕਾਰਾਂ ਜਿਵੇਂ ਡੀ. ਡੀ. ਕੋਸੰਬੀ, ਰਾਮਸ਼ਰਨ ਸ਼ਰਮਾ, ਇਰਫਾਨ ਹਬੀਬ, ਰੋਮਿਲਾ ਥਾਪਰ, ਡੀ. ਐਂਨ. ਝਾਅ ਜਿਹੇ ਇਤਿਹਾਸਕਾਰਾਂ ਦੀਆਂ ਲਿਖਤਾਂ ਪੜ੍ਹੇ ਤਾਂ ਕਿ ਉਸਨੂੰ ਭਾਰਤ ਦੇ ਇਤਿਹਾਸ ਬਾਰੇ ਕੁਝ ਜਾਣਕਾਰੀ ਮਿਲੇ।

ਨਰਿੰਦਰ ਸਿੰਘ ਕਪੂਰ ਹੁਰਾਂ ਦੇ ਲੇਖ ਵਿੱਚ ਹੋਰ ਵੀ ਬੜੇ ਅਗਿਆਨ ਰੂਪੀ ਕੰਕਰ ਹਨ, ਗੱਲ ਕੀ ਪੂਰਾ ਲੇਖ ਕੰਕਰਾਂ ਦਾ ਢੇਰ ਹੈ। ਅਸੀਂ ਆਪਣੇ ਲੇਖ 'ਚ ਕੁਝ ਜ਼ਿਆਦਾ ਹਾਨੀਕਾਰਕ ਕੰਕਰਾਂ ਦੀ ਚੀਰਫਾੜ ਕੀਤੀ ਹੈ, ਬਾਕੀ ਹੋਰ ਕੰਕਰਾਂ ਨੂੰ ਫਿਲਹਾਲ ਛੱਡ ਦਿੱਤਾ ਹੈ। ਪਰ ਇੰਨਾ ਜ਼ਰੂਰ ਹੈ ਕਿ ਉਹਨਾਂ ਦੇ ਭਾਰਤ ਨਾਲ਼ ਇਸ ਗਿਲੇ ਉੱਤੇ ਕਿ 'ਭਾਰਤ ਕੋਲ ਇਤਿਹਾਸ ਦਾ ਸੰਕਲਪ ਨਹੀਂ ਹੈ' ਭਾਰਤ ਤਾਂ ਪੂਰਾ ਨਹੀਂ ਉਤਰਦਾ, ਹਾਂ ਸ਼੍ਰੀ ਕਪੂਰ ਆਪਣੇ ਗਿਲੇ ਅਨੁਸਾਰ ਸੱਚੇ ਭਾਰਤੀ ਹਨ ਕਿਉਂਕਿ 'ਉਹਨਾਂ ਕੋਲ ਇਤਿਹਾਸ ਦਾ ਕੋਈ ਸੰਕਲਪ ਨਹੀਂ ਹੈ।' •



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 10. ਰੁਪਏ